Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 100 | Monday, May 23, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਤੂਫਾਨ ਕਾਰਨ ਓਨਟਾਰੀਓ ਤੇ ਕਿਊਬਿਕ ਵਿਚ ਹੋਇਆ ਭਾਰੀ ਨੁਕਸਾਨ, 8 ਵਿਅਕਤੀਆਂ ਦੀ ਹੋਈ ਮੌਤ

ਓਨਟਾਰੀਓ, 22 ਮਈ (ਪੋਸਟ ਬਿਊਰੋ) : ਮਈ ਦੇ ਲਾਂਗ ਵੀਕੈਂਡ ਉੱਤੇ ਓਨਟਾਰੀਓ ਦੇ ਦੱਖਣੀ ਹਿੱਸੇ ਤੇ ਕਿਊਬਿਕ ਵਿੱਚ ਆਏ ਖਤਰਨਾਕ ਤੂਫਾਨ ਕਾਰਨ ਘੱਟੋ ਘੱਟ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਸੈਂਕੜੇ ਲੋਕਾਂ ਨੂੰ ਬਿਨਾਂ ਬਿਜਲੀ ਦੇ ਗੁਜ਼ਾਰਾ ਕਰਨਾ ਪੈ ਰਿਹਾ ਹੈ।

ਇਸ ਦੌਰਾਨ ਕਈ ਕਮਿਊਨਿਟੀਜ਼ ਨੂੰ ਭਾਰੀ ਨੁਕਸਾਨ ਪਹੁੰਚਿਆ ਤੇ ਅਜੇ ਵੀ ਕਈ ਥਾਂਵਾਂ ਉੱਤੇ ਡਿੱਗੇ ਹੋਏ ਰੁੱਖਾਂ ਤੇ ਬਿਜਲੀ ਦੇ ਖੰਭਿਆਂ ਨੂੰ ਹਟਾਉਣ ਦਾ ਕੰਮ ਜਾਰੀ ਹੈ। ਇਸ ਤੂਫਾਨ ਕਾਰਨ ਓਟਵਾ ਵਿੱਚ ਖਾਸਤੌਰ ਉੱਤੇ ਭਾਰੀ ਨੁਕਸਾਨ ਹੋਇਆ, ਕਈ ਰੀਜਨਜ਼ ਵਿੱਚ ਤਾਂ ਇਸ ਕਲੀਨ-ਅੱਪ ਦੇ ਕੰਮ ਨੂੰ ਚਾਰ ਦਿਨਾਂ ਦਾ ਸਮਾਂ ਵੀ ਲੱਗ ਸਕਦਾ ਹੈ। ਐਤਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਓਟਵਾ ਦੇ ਮੇਅਰ ਜਿੰਮ ਵਾਟਸਨ ਨੇ ਆਖਿਆ ਕਿ ਇਹ ਬਹੁਤ ਮੁਸ਼ਕਲ 24 ਘੰਟੇ ਰਹੇ। ਉਨ੍ਹਾਂ ਆਖਿਆ ਕਿ ਚੁਣੌਤੀਆਂ ਦੇ ਬਾਵਜੂਦ ਉਹ ਸਾਰਿਆਂ ਨੂੰ ਆਪਣਾ ਰੁਖ ਸਕਾਰ-ਾਤਮਕ ਰੱਖਣ ਦੀ ਅਪੀਲ ਕਰਦੇ ਹਨ।

ਤੇਜ਼ ਹਵਾਵਾਂ ਕਾਰਨ ਕਈ ਰੁੱਖ ਡਿੱਗਣ ਨਾਲ ਓਨਟਾਰੀਓ ਵਿੱਚ ਸੱਤ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਕਿਊਬਿਕ ਵਿੱਚ ਇੱਕ ਮਹਿਲਾ ਦੀ ਮੌਤ ਉਸ ਸਮੇਂ ਹੋਈ ਜਦੋਂ ਓਟਵਾ ਰਿਵਰ ਵਿੱਚ ਬੋਟ ਚਲਾਉਂਦੇ ਸਮੇਂ ਤੂਫਾਨ ਆਉਣ ਕਾਰਨ ਉਸ ਦੀ ਬੋਟ ਪਲਟ ਗਈ। ਐਤਵਾਰ ਦੁਪਹਿਰ ਨੂੰ ਤਿੰਨ ਮੌਤਾਂ ਦੀ ਪੁਸ਼ਟੀ ਕੀਤੀ ਜਾ ਚੁੱਕੀ ਸੀ। ਦਰਹਾਮ ਦੇ ਐਮਰਜੰਸੀ ਅਮਲੇ ਨੂੰ ਗਾਨਾਰਾਸਕਾ ਦੇ ਜੰਗਲਾਂ ਵਿੱਚ ਇੱਕ ਵਿਅਕਤੀ ਮਿਲਿਆ, ਰੁੱਖ ਡਿੱਗਣ ਕਾਰਨ ਜਿਸ ਦੀ ਮੌਕੇ ਉੱਤੇ ਹੀ ਮੌਤ ਹੋ ਗਈ ਸੀ। ਪੋਰਟ ਹੋਪ, ਓਨਟਾਰੀਓ ਦੀ ਇੱਕ ਮਹਿਲਾ ਵੀ ਰੁੱਖ ਡਿੱਗਣ ਕਾਰਨ ਮੌਕੇ ਉੱਤੇ ਹੀ ਦਮ ਤੋੜ ਗਈ। ਇਹ ਜਾਣਕਾਰੀ ਓਪੀਪੀ ਨੇ ਦਿੱਤੀ। ਨੌਰਥ ਕਵਾਰਥਾ ਟਾਊਨਸ਼ਿਪ ਵਿੱਚ ਇੱਕ ਘਰ ਉੱਤੇ ਰੁੱਖ ਡਿੱਗਣ ਕਾਰਨ ਇੱਕ ਮਹਿਲਾ ਦੀ ਮੌਤ ਹੋ ਗਈ।



ਇਸ ਤੋਂ ਇਲਾਵਾ ਓਟਵਾ ਦੇ ਪੱਛਮ ਵੱਲ ਗ੍ਰੇਟਰ ਮਾਡਾਵਾਸਕਾ ਵਿੱਚ ਇੱਕ 44 ਸਾਲਾ ਵਿਅਕਤੀ ਦੀ ਮੌਤ ਇਸ ਤੂਫਾਨ ਵਿੱਚ ਫਸਣ, ਬਰੈਂਪਟਨ ਵਿੱਚ ਸੈਰ ਉੱਤੇ ਗਈ ਇੱਕ 70 ਸਾਲਾ ਮਹਿਲਾ ਦੀ ਮੌਤ ਹੋ ਗਈ, ਓਟਵਾ ਵਿੱਚ ਗੌਲਫ ਕੋਰਸ ਵਿੱਚ ਇੱਕ 59 ਸਾਲਾ ਵਿਅਕਤੀ ਦੀ ਮੌਤ ਹੋ ਗਈ ਤੇ ਵਾਟਰਲੂ ਰੀਜਨ ਵਿੱਚ ਪਾਈਨਹਰਸਟ ਲੇਕ ਨੇੜੇ ਕੈਂਪਿੰਗ ਟਰੇਲਰ ਵਿੱਚ ਇੱਕ ਵਿਅਕਤੀ ਤੂਫਾਨ ਕਾਰਨ ਮਾਰਿਆ ਗਿਆ।

ਸਿਟੀ ਆਫ ਓਟਵਾ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕਈ ਇਲਾਕਿਆਂ ਵਿੱਚ ਸੜਕਾਂ ਤੇ ਸਾਈਡਵਾਕਜ਼ ਉੱਤੇ ਰੁੱਖ ਡਿੱਗ ਜਾਣ ਕਾਰਨ ਭਾਰੀ ਨੁਕਸਾਨ ਹੋਇਆ ਹੈ। ਹਾਈਡਰੋ ਓਟਵਾ ਦਾ ਕਹਿਣਾ ਹੈ ਕਿ 200 ਤੋਂ ਵੀ ਵੱਧ ਹਾਈਡਰੋ ਪੋਲਜ਼ ਨੂੰ ਤੂਫਾਨ ਕਾਰਨ ਨੁਕਸਾਨ ਪਹੁੰਚਿਆ ਹੈ। ਸਿਸਟਮ ਆਪਰੇਸ਼ਨਜ਼ ਤੇ ਗ੍ਰਿੱਡ ਆਟੋਮੇਸ਼ਨ ਦੇ ਡਾਇਰੈਕਟਰ ਜੋਸਫ ਮੁਗਲੀਆ ਨੇ ਦੱਸਿਆ ਕਿ ਕੁੱਝ ਹਾਈਡਰੋ ਪੋਲਜ਼ ਦੀ ਮੁਰੰਮਤ ਕਰਕੇ ਉਨ੍ਹਾਂ ਨੂੰ ਕੰਮ ਵਿੱਚ ਲਿਆਂਦਾ ਜਾਵੇਗਾ ਪਰ ਬਹੁਤੇ ਪੋਲ ਨਵੇਂ ਲਾਉਣੇ ਪੈਣਗੇ ਕਿਉਂਕਿ ਉਨ੍ਹਾਂ ਦੀ ਮੁਰੰਮਤ ਨਹੀਂ ਹੋ ਸਕਦੀ।

ਹਾਈਡਰੋ ਓਟਵਾ ਅਨੁਸਾਰ ਇਸ ਸਮੇਂ 170,285 ਲੋਕ ਬਿਨਾਂ ਬਿਜਲੀ ਦੇ ਗੁਜ਼ਾਰਾ ਕਰਨ ਲਈ ਮਜਬੂਰ ਹਨ ਤੇ ਹਾਈਡਰੋ ਕਿਊਬਿਕ ਅਨੁਸਾਰ 370,000 ਕਸਟਮਰਜ਼ ਨੂੰ ਬਿਜਲੀ ਤੋਂ ਬਿਨਾਂ ਗੁਜ਼ਾਰਾ ਕਰਨਾ ਪੈ ਰਿਹਾ ਹੈ।

## ਫੋਰਡ ਦੀ ਅਗਵਾਈ ਵਿੱਚ 1.5 ਮਿਲੀਅਨ ਘਰਾਂ ਦਾ ਸੁਪਨਾ ਸਾਕਾਰ ਕਰੇਗੀ ਓਨਟਾਰੀਓ ਦੀ ਪੀਸੀ ਪਾਰਟੀ

ਲੰਡਨ, 22 ਮਈ (ਪੋਸਟ ਬਿਊਰੋ) : ਓਨਟਾਰੀਓ ਦੀ ਆਬਾਦੀ ਵਿੱਚ ਦਿਨੋ ਦਿਨ ਹੋ ਰਹੇ ਵਾਧੇ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਿਰਫ ਡੱਗ ਫੋਰਡ ਤੇ ਓਨਟਾਰੀਓ ਦੀ ਪੀਸੀ ਪਾਰਟੀ ਕੋਲ ਹੀ ਅਗਲੇ 10 ਸਾਲਾਂ ਵਿੱਚ 1.5 ਮਿਲੀਅਨ ਨਵੇਂ ਤੇ ਕਿਫਾਇਤੀ ਘਰ ਬਣਾਉਣ ਦੀ ਯੋਜਨਾ ਹੈ।



ਫੋਰਡ ਨੇ ਆਖਿਆ ਕਿ ਐਨਡੀਪੀ ਤੇ ਲਿਬਰਲਾਂ ਵੱਲੋਂ ਨਵੇਂ ਘਰ ਬਣਾਉਣ ਤੋਂ ਨਾਂਹ ਕਰਨ ਲਈ ਨਵੀਆਂ ਰਿਪੋਰਟਾਂ, ਕਮੇਟੀਆਂ ਤੇ ਅਧਿਐਨ ਦਾ ਬਹਾਨਾ ਲਾਇਆ ਜਾਵੇਗਾ ਤੇ ਇਸ ਨਾਲ ਓਨਟਾਰੀਓ ਦੇ ਪਰਿਵਾਰਾਂ ਲਈ ਆਪਣਾ ਘਰ ਖਰੀਦਣਾ ਹੋਰ ਵੀ ਮਹਿੰਗਾ ਹੋ ਜਾਵੇਗਾ। ਪਰ ਡੱਗ ਫੋਰਡ ਦੀ ਅਗਵਾਈ ਵਿੱਚ ਪੀਸੀ ਸਰਕਾਰ ਨੇ ਪ੍ਰੋਵਿੰਸ ਦਾ ਪਹਿਲਾ ਹਾਊਸਿੰਗ ਸਪਲਾਈ ਐਕਸ਼ਨ ਪਲੈਨ ਤਿਆਰ ਕੀਤਾ ਹੈ ਤਾਂ ਕਿ ਲਾਲ ਫੀਤਾਸ਼ਾਹੀ ਨੂੰ ਖ਼ਤਮ ਕਰਕੇ ਜਲਦ ਤੋਂ ਜਲਦ ਨਵੇਂ ਘਰਾਂ ਦਾ ਨਿਰਮਾਣ ਕੀਤਾ ਜਾ ਸਕੇ। ਇਸ ਪਲੈਨ ਦੇ ਸਕਾਰਾਤਮਕ ਨਤੀਜੇ 2021 ਵਿੱਚ ਅਸੀਂ ਵੇਖ ਚੁੱਕੇ ਹਾਂ। ਸਿਰਫ 12 ਮਹੀਨਿਆਂ ਵਿੱਚ 100,000 ਨਵੇਂ ਘਰਾਂ ਦੇ ਨਿਰਮਾਣ ਲਈ ਨੀਂਹ ਪੱਥਰ ਰੱਖਿਆ ਗਿਆ। 1987 ਤੋਂ ਲੈ ਕੇ ਹੁਣ ਤੱਕ ਇੱਕ ਸਾਲ ਦੇ ਅੰਦਰ ਐਨੀ ਵੱਡੀ ਮਾਤਰਾ ਵਿੱਚ ਘਰਾਂ ਦਾ ਨਿਰਮਾਣ ਨਹੀਂ ਸੀ ਹੋਇਆ। ਪੀਸੀ ਸਰਕਾਰ ਨੇ ਕਮਿਊਨਿਟੀ ਤੇ ਸਪੋਰਟਿਵ ਹਾਊਸਿੰਗ ਸਰਵਿਸਿਜ਼ ਵਿੱਚ ਵਾਧਾ ਕਰਨ ਲਈ ਮਿਊਂਸਪਲ ਤੇ ਫੈਡਰਲ ਸਰਕਾਰਾਂ ਨਾਲ ਰਲ ਕੇ ਕਈ ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ। ...ਬਾਕੀ ਪੰਨਾ 4 'ਤੇ

## ਪਾਸਪੋਰਟ ਕਾਊਂਟਰਜ਼ ਉੱਤੇ ਸਰਵਿਸ ਕੈਨੇਡਾ ਨੇ ਵਧਾਇਆ ਸਟਾਫ

ਓਟਵਾ, 22 ਮਈ (ਪੋਸਟ ਬਿਊਰੋ) : ਨਵੇਂ ਤੇ ਮੁੜ ਨੰਵਿਆਏ ਪਾਸਪੋਰਟ ਚਾਹੁਣ ਵਾਲੇ ਕੈਨੇਡੀਅਨਜ਼ ਨੂੰ ਹੋ ਰਹੀ ਦੇਰ ਨੂੰ ਖ਼ਤਮ ਕਰਨ ਲਈ ਸਰਵਿਸ ਕੈਨੇਡਾ ਨੇ ਆਪਣੇ ਪਾਸਪੋਰਟ ਸਰਵਿਸ ਕਾਊਂਟਰਾਂ ਉੱਤੇ ਸਟਾਫ ਵਧਾ ਦਿੱਤਾ ਹੈ। ਇਹ ਕਦਮ ਗਰਮੀਆਂ ਵਿੱਚ ਟਰੈਵਲ ਸੀਜ਼ਨ ਨੂੰ ਵੇਖਦਿਆਂ ਹੋਇਆਂ ਚੁੱਕਿਆ ਗਿਆ ਹੈ। ਪਰ ਟਰੈਵਲਰਜ਼ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਜੇ ਵੀ



ਲੰਮੇਂ ਉਡੀਕ ਸਮੇਂ ਦਾ ਇੰਤਜ਼ਾਰ ਕਰਨਾ ਪੈ ਰਿਹਾ ਹੈ। ਏਜੰਸੀ ਨੇ ਐਲਾਨ ਕੀਤਾ ਕਿ ਜਿੰਨੇ ਵੀ ਪਾਸਪੋਰਟ ਸਰਵਿਸ ਕਾਊਂਟਰ ਕੋਵਿਡ-19 ਕਾਰਨ ਬੰਦ ਕਰ ਦਿੱਤੇ ਗਏ ਸਨ ਉਨ੍ਹਾਂ ਨੂੰ ਮੁੜ ਖੋਲ੍ਹ ਦਿੱਤਾ ਗਿਆ ਹੈ ...ਬਾਕੀ ਪੰਨਾ 4 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL Insurance Advisor 416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

NOW HIRING !!! ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

SAMSUNG BUY 2 OR MORE APPLIANCES
OURR HOME & APPLIANCES
EXCLUSIVE
NO TAX EVENT FROM MAY 13TH - 30TH
PRICE $5299
Premium Package
DEAL TILL STOCK LAST
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

" LET US ONCE AGAIN, DELIVER FOR YOU "

ELECT

HARDEEP
GREWAL

CANDIDATE FOR BRAMPTON-EAST



" ਬਰੈਂਪਟਨ ਵਿਕਾਸ ਦੇ ਰਾਹ ਤੇ "

- 413 ਹਾਈਵੇ
- ਬਰੈਂਪਟਨ ਲਈ ਦੂਜਾ ਵੱਡਾ ਹਸਪਤਾਲ
- RYERSON ਮੈਡੀਕਲ ਸਕੂਲ
- ਤਿੰਨ ਨਵੇਂ ਲੌਂਗ ਟਰਮ ਕੇਅਰ ਹੋਮ
- ਬਰੈਂਪਟਨ ਤੋਂ ਮਿਸੀਸਾਗਾ LRT

ONTARIO PC

AUTHORIZED BY THE CFO OF THE BRAMPTON-EAST RIDING ASSOCIATION

OFFICE NUMBER: (416) 843-2203 | CAMPAIGN OFFICE ADDRESS: 9280 GOREWAY DRIVE, BRAMPTON, ON L6T 0C4

EXCLUSIVE OFFER!

GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਆਈ ਖਬਰ ਦਿਲਚਸਪ ਨਾਖਾਸਜਿੱਦਣ,
ਕਰੀਦੀ ਖਬਰਾਂ'ਚੋਂ ਖਬਰ ਦੀ ਭਾਲ ਮੀਆਂ।
ਅੱਧ-ਪਚੱਧੀ ਜਿਹੀ ਕਿਸੇ ਦੀ ਗੱਲ ਸੁਣ ਕੇ,
ਚੋਣਵੇਂ ਲਾਈਏ ਵਿਸ਼ੇਸ਼ਣ ਵੀ ਨਾਲ ਮੀਆਂ।
ਖੋਹਿਆ ਹੋਵੇ ਮੋਬਾਈਲ ਤਾਂ ਖਬਰ ਅੰਦਰ,
ਲਿਖੀਦੇ ਪਰਸ ਤੇ ਨਾਲ ਕੁਝ ਮਾਲ ਮੀਆਂ।
ਕਿਸੇ ਫਿਰ ਬੈਠਕ ਦੀ ਖਬਰ ਬਣਾਉ ਐਸੀ,
ਖੜਕਦਾ ਖਬਰ ਦਾ ਸੁਣੇ ਬੱਸ ਤਾਲ ਮੀਆਂ।
ਆ ਗਈ ਵੱਡੀ ਕੋਈ ਖਬਰ ਤੇ ਪੁੱਟ ਇਹਨੂੰ,
ਇਸ ਦੀ ਥਾਂ ਦਿਓ ਵੱਡੀ ਜਿਹੀ ਗੱਡ ਮੀਆਂ।
ਅਖਬਾਰ ਬੋਲੇ ਇੱਕ ਸ਼ਹਿਰ ਦੀ ਵੱਖ ਮੀਆਂ,
ਦੂਸਰੇ ਸ਼ਹਿਰ ਵਿੱਚ ਬੋਲ ਰਹੀ ਅੱਡ ਮੀਆਂ।

**ਤੀਸ ਮਾਰ ਖਾਂ**

# ਤੇਲੰਗਾਨਾ ਦੇ ਮੁੱਖ ਮੰਤਰੀ ਨੇ ਗਲਵਾਨ ਘਾਟੀ ਤੇ ਕਿਸਾਨ ਅੰਦੋਲਨ ਦੇ ਸ਼ਹੀਦਾਂ ਦੇ ਵਾਰਸਾਂ ਰਾਹਤ ਵੰਡੀ

### * ਅਸੀਂ ਅੰਨਦਾਤੇ ਦਾ ਖੁੱਸਿਆ ਰੁਤਬਾ ਦਿਵਾਉਣ ਦੀ ਕੋਸ਼ਿਸ਼ ਕਰਾਂਗੇ: ਮਾਨ * ਪੰਜਾਬ, ਤੇਲੰਗਾਨਾ ਤੇ ਦਿੱਲੀ ਦੇ ਮੁੱਖ ਮੰਤਰੀ ਇੱਕੋ ਮੰਚ ਉੱਤੇ

ਨਵੀਂ ਦਿੱਲੀ, 22 ਮਈ, (ਪੋਸਟ ਬਿਊਰੋ)- ਅੱਜ ਐਤਵਾਰ ਚੰਡੀਗੜ੍ਹ ਵਿੱਚ ਤਿੰਨ ਮੁੱਖ ਮੰਤਰੀ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਤੇਲੰਗਾਨਾ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਅਤੇਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਇੱਕੋ ਮੰਚ ਉੱਤੇ ਇਕੱਠੇ ਵੇਖਿਆ ਗਿਆ, ਜਿੱਥੇ ਉਨ੍ਹਾਂ ਨੇ ਭਾਰਤ-ਚੀਨ ਅਸਲ ਕੰਟਰੋਲ ਰੇਖਾ ਉੱਤੇ ਗਲਵਾਨ ਘਾਟੀ ਤੇ ਲੱਦਾਖ ਵਿੱਚ ਜਾਨਾਂ ਵਾਰ ਗਏ ਫੌਜੀ ਜਵਾਨਾਂ ਅਤੇ ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਹੋਏ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਸ਼ਹੀਦਾਂ ਦੇ ਵਾਰਸਾਂ ਨੂੰ ਰਾਹਤ ਦੇ ਚੈੱਕ ਦਿੱਤੇ।

ਇਸ ਮੌਕੇ ਪੀੜਤ ਕਿਸਾਨਾਂ ਤੇ ਗਲਵਾਨ ਘਾਟੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਤੇਲੰਗਾਨਾ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਨੇ ਕਿਹਾ ਕਿ ਇਨ੍ਹਾਂ ਪਰਿਵਾਰਾਂ ਦੀ ਮਦਦ ਕਰਨਾ ਮੇਰੀ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਸੀ।ਉਨ੍ਹਾ ਅਫਸੋਸ ਨਾਲ ਕਿਹਾ ਕਿ ਉਨ੍ਹਾਂ ਨੂੰ ਇਸ ਨੇਕ ਕਾਰਜ ਲਈ ਬਹੁਤ ਪਹਿਲਾਂ ਆਉਣਾ ਚਾਹੀਦਾ ਸੀ, ਪਰ ਵਿਧਾਨ ਸਭਾ ਦੀ ਚੋਣਾਂ ਦੌਰਾਨ ਪੰਜਾਬ ਵਿੱਚ ਚੋਣ ਜ਼ਾਬਤੇ ਕਾਰਨ ਏਦਾਂ ਨਹੀਂ ਹੋ ਸਕਿਆ। ਕਿਸਾਨਾਂ ਨੂੰ ਕੇਂਦਰ ਦੀ ਸਰਕਾਰ ਕੋਲੋਂ ਸੰਵਿਧਾਨਕ ਗਾਰੰਟੀ ਨਾਲ ਸਾਰੀਆਂ ਫਸਲਾਂਦੇ ਘੱਟੋ-ਘੱਟ ਸਮੱਰਥਨ ਮੁੱਲ (ਐੱਮ ਐੱਸ ਪੀ) ਸਮੇਤ ਸਭਨਾਂ ਮੰਗਾਂ ਲਈ ਆਪਣਾ ਅੰਦੋਲਨ ਮੁੜ ਸ਼ੁਰੂ ਕਰਨ ਦਾ ਸੱਦਾ ਦਿੰਦੇ ਹੋਏਕੇ. ਚੰਦਰਸ਼ੇਖਰ ਰਾਓ ਨੇ ਕਿਹਾ ਕਿ ਏਦਾਂ ਦਾ ਸੰਘਰਸ਼ ਸਿਰਫ਼ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਬਾਕੀ ਰਾਜਾਂ ਦੇ ਸਾਰੇ ਕਿਸਾਨਾਂ ਨੂੰ ਵੀ ਚਾਹੀਦਾ ਹੈ ਕਿ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਸੰਘਰਸ਼ ਦੇਸ਼ ਦੇ ਕਿਸਾਨਾਂ ਦੀ ਭਲਾਈ ਅਤੇ ਖੁਸ਼ਹਾਲੀ ਯਕੀਨੀ ਕਰਨ ਦਾ ਆਧਾਰ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਸਾਲ 2014 ਤੋਂ ਆਪਣੀ ਸਰਕਾਰ ਦੇ ਸੱਤ ਸਾਲਾ ਰਾਜ ਵਿੱਚ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ, ਖੇਤੀ ਸੈਕਟਰਲਈ ਮੁਫਤ ਬਿਜਲੀ ਅਤੇ ਕਿਸਾਨਾਂ ਦੇ ਸਰਬਪੱਖੀ ਵਿਕਾਸ ਦੇ ਨਾਲ ਸਾਰੇ ਵਰਗਾਂ ਦੇ ਲੋਕਾਂਨੂੰ 24 ਘੰਟੇ ਬਿਜਲੀ ਲਈ ਪਹਿਲਕਦਮੀਆਂ ਕੀਤੀਆਂ ਹਨ। ਰਾਓ ਨੇ ਖੇਤੀ ਸੈਕਟਰ ਵਿੱਚ ਬਿਜਲੀ ਮੀਟਰ ਲਾਉਣ ਦੇ ਕੇਂਦਰ ਸਰਕਾਰ ਦੇ ਕਦਮ ਦਾ ਵਿਰੁੱਧ ਕਿਹਾ, 'ਅਸੀਂ ਵਿਧਾਨ ਸਭਾ ਵਿੱਚ ਮਤਾ ਪਾਸ ਕੀਤਾ ਹੈ ਕਿ ਤੇਲੰਗਾਨਾ ਦੀ ਸਰਕਾਰ ਕਿਸਾਨ ਭਾਈਚਾਰੇ ਖਾਤਰਇਹ ਨਹੀਂ ਕਰੇਗੀ'।

ਕਿਸਾਨਾਂ ਦੀ ਤਕਦੀਰ ਬਦਲਣ ਦਾ ਵਾਅਦਾ ਕਰਦਿਆਂਪੰਜਾਬ ਦੇਮੁੱਖ ਮੰਤਰੀ ਭਗਵੰਤ ਮਾਨ ਨੇ ਖੇਤੀਬਾੜੀ ਨੂੰ ਆਰਥਿਕ ਪੱਖੋਂ ਟਿਕਾਊ ਅਤੇ ਮੁਨਾਫ਼ੇ ਵਾਲਾ ਕਿੱਤਾ ਬਣਾਉਣ ਦੀ ਵਚਨਬੱਧਤਾ ਦੱਸ ਕੇ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਇਸਨਾਲ ਪਿਤਾ-ਪੁਰਖੀ ਕਿੱਤੇ ਨੂੰ ਮਾਣ ਤੇ ਸਤਿਕਾਰ ਨਾਲ ਕਰਨ ਦੀ ਪ੍ਰੇਰਨਾ ਮਿਲੇਗੀ। ਇਥੇ ਟੈਗੋਰ ਥੀਏਟਰ ਵਿੱਚਹੋਏ ਸਮਾਗਮ ਦੌਰਾਨ ਆਮ ਆਦਮੀ



ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਤੇਲੰਗਾਨਾ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਦੀ ਹਾਜ਼ਰੀ ਵਿੱਚ ਭਗਵੰਤ ਮਾਨ ਨੇ ਕਿਸਾਨ ਅੰਦੋਲਨ ਅਤੇ ਗਲਵਾਨ ਘਾਟੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰ ਕੇ ਕਿਹਾ ਕਿ ਅੱਜ ਦਾ ਸਮਾਗਮ ਬਹਾਦਰ ਸੈਨਿਕਾਂ ਦੇ ਪਰਿਵਾਰਾਂ ਤੇ ਕਿਸਾਨਾਂ ਪ੍ਰਤੀ ਸ਼ਰਧਾ ਤੇ ਸਤਿਕਾਰ ਅਤੇ 'ਜੈ ਜਵਾਨ, ਜੈ ਕਿਸਾਨ' ਦੇ ਨਾਅਰੇ ਦੀ ਭਾਵਨਾ ਪੇਸ਼ ਕਰਦਾ ਹੈ। ਪਿਛਲੀਆਂ ਸਰਕਾਰਾਂ ਬਾਰੇਉਨ੍ਹਾ ਕਿਹਾ ਕਿ ਉਨ੍ਹਾਂ ਨੇ ਆਪਣੀ ਸੌੜੀ ਸੋਚ ਅਤੇ ਮਾੜੇ ਵਿਹਾਰ ਸਦਕਾ ਕਿਸਾਨਾਂ ਦੇ ਹਿੱਤਅਣਗੌਂਤੇ ਕੀਤੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ ਦੀ ਜ਼ਮੀਨ ਸਾਰੀ ਦੁਨੀਆਤੋਂ ਸਭ ਤੋਂ ਵੱਧ ਜਰਖੇਜ਼ ਹੈ,ਪਰ ਹੋਰਾਂ ਮੁਕਾਬਲੇ ਵੰਨ-ਸੁਵੰਨੀਆਂ ਫ਼ਸਲਾਂ ਦੇ ਵੱਧ ਝਾੜ ਦੇ ਬਾਵਜੂਦ ਉਨ੍ਹਾ ਨੂੰ ਦੋ ਡੰਗ ਦੀ ਰੋਟੀ ਨਸੀਬ ਹੋਣਾ ਔਖਾ ਹੈ, ਜਦਕਿ ਬਾਹਰਲੇ ਦੇਸ਼ਾਂ ਦੇ ਕਿਸਾਨਕੋਲ ਬਹੁਤ ਘੱਟ ਉਪਜਾਊ ਜ਼ਮੀਨ ਤੇ ਖੇਤੀ ਲਈ ਕਈ ਮੌਸਮੀ ਦੁਸ਼ਵਾਰੀਆਂ ਦੇ ਬਾਵਜੂਦ ਉਹ ਵਧੀਆ ਤੇ ਸੌਖੀ ਜ਼ਿੰਦਗੀ ਗੁਜ਼ਾਰਦੇ ਹਨ। ਪਿਛਲੀਆਂ ਸਰਕਾਰਾਂ ਦੀ ਲੀਡਰਸ਼ਿਪ ਨੂੰ ਭਗਵੰਤ ਮਾਨ ਨੇ ਪੁੱਛਿਆ ਕਿ "ਕਿਸਾਨਾਂ ਦੀ ਭਲਾਈ ਅਤੇ ਸਰਬ ਪੱਖੀ ਵਿਕਾਸ ਲਈ ਉਨ੍ਹਾਂ ਨੇ ਕੀ ਕੀਤਾ ਕਿ ਖੇਤੀਬਾੜੀ ਧੰਦਾ ਘੱਟ ਮੁਨਾਫ਼ੇ ਅਤੇ ਵਧੇਰੇ ਖਰਚੇ ਵਾਲਾ ਹੋਣ ਕਾਰਨ ਉਹ ਕਰਜ਼ੇ ਦੇ ਜਾਲ ਵਿੱਚ ਫਸ ਗਏ।" ਭਗਵੰਤ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਿਸਾਨ ਨੂੰ ਅੰਨਦਾਤੇ ਤੋਂ ਭਿਖਾਰੀ ਬਣਾ ਦਿੱਤਾ ਸੀ ਤੇ ਸਾਡੀ ਸਰਕਾਰ ਇਸ ਦਾ ਖੁੱਸਿਆ ਰੁਤਬਾ ਦਿਵਾਉਣ ਵਿੱਚ ਹਰ ਸੰਭਵ ਕੋਸ਼ਿਸ਼ ਕਰੇਗੀ।ਦਿੱਲੀ ਬਾਰਡਰ ਉੱਤੇ ਸੰਘਰਸ਼ ਵੇਲੇ ਸ਼ਹੀਦ ਹੋਏ ਕਿਸਾਨਾਂ ਦੇ ਵਾਰਸਾਂਨੂੰ ਉਨ੍ਹਾ ਕਿਹਾ ਕਿ ਤੁਹਾਡੇ ਪਿਆਰਿਆਂ ਨੂੰ ਅਸੀਂ ਵਾਪਸ ਨਹੀਂ ਲਿਆ ਸਕਦੇ ਅਤੇ ਨਾ ਦੁਨੀਆ ਦੀ ਕਿਸੇ ਕਰੰਸੀ ਨਾਲ ਇਸ ਦਾ ਮੁੱਲ ਤਾਰਿਆ ਜਾ ਸਕਦਾ, ਪਰ ਦੁੱਖ ਦੀ ਘੜੀਅਸੀਂ ਤੁਹਾਡੇ ਨਾਲ ਹਾਂ। ਗਲਵਾਨ ਘਾਟੀ ਦੇ ਸ਼ਹੀਦਾਂ ਦੇ ਵਾਰਸਾਂਦੇ ਨਾਲ ਹਮਦਰਦੀ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸ਼ਹਾਦਤ ਅਣਗੌਲੀ ਨਹੀਂ ਜਾ ਸਕਦੀ, ਅਸੀਂ ਆਪਣੇ ਘਰ ਚੈਨ ਦੀ ਨੀਂਦ ਸੌਂਦੇ ਹਾਂ ਤੇ ਉਹ ਅਨੇਕਾਂ ਦੁਸ਼ਵਾਰੀਆਂ ਝੱਲਦੇ ਜੈਸਲਮੇਰ ਵਰਗੇ ਇਲਾਕੇ ਦੀ 50 ਡਿਗਰੀ ਦੀ ਗਰਮੀ ਅਤੇ ਮਨਫ਼ੀ 20 ਤੋਂ 25 ਡਿਗਰੀ ਵਰਗੇ ਤਾਪਮਾਨ ਵਿੱਚ ਕਾਰਗਿਲ ਵਰਗੇ ਬਰਫ਼ੀਲੇ ਮੌਸਮ ਵਿੱਚ ਡਿਊਟੀ ਕਰ ਰਹੇ ਹੁੰਦੇ ਹਨ।

ਕਿਸਾਨ ਅੰਦੋਲਨ ਅਤੇ ਗਲਵਾਨ ਘਾਟੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰ ਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਬਿਨਾਂ ਸ਼ੱਕ ਪੰਜਾਬ ਛੇਤੀ ਹੀ ਅਗਾਂਹ-ਵਧੂ ਖੇਤੀ ਤਜਰਬੇ ਅਤੇ ਅਮਲ ਨਾਲ ਵਿਲੱਖਣ ਖੇਤੀ ਮਾਡਲ ਲਿਆਉਣ ਲਈ ਮੋਹਰੀ ਸੂਬਾ ਬਣੇਗਾ ਤਾਂ ਜੋ ਕਿਸਾਨੀ ਪਿਛੋਕੜ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਫਸਲੀ ਵਿਭਿੰਨਤਾਵਿਖਾਈ ਜਾ ਸਕੇ। ਉਨ੍ਹਾਂ ਭਰੋਸਾ ਜ਼ਾਹਿਰ ਕੀਤਾ ਕਿ ਪੰਜਾਬ ਦੀ ਤਰਜ਼ਦੀ ਖੇਤੀ ਦੇ ਇਸ ਨਵੀਨ ਮਾਡਲ ਨੂੰ ਦੇਸ਼ ਦੇ ਹੋਰ ਰਾਜਾਂ ਵੱਲੋਂ ਵੀ ਆਪਣੀ ਖੇਤੀ ਆਰਥਿਕਤਾ ਸੁਧਾਰਨ ਲਈ ਲਾਗੂ ਕੀਤਾ ਜਾਵੇਗਾ।

ਇਸ ਮੌਕੇ ਤੇਲੰਗਾਨਾ ਦੇ ਮੁੱਖ ਮੰਤਰੀਕੇ. ਚੰਦਰਸ਼ੇਖਰ ਰਾਓ ਨੇ ਭਗਵੰਤ ਮਾਨ ਅਤੇਅਰਵਿੰਦ ਕੇਜਰੀਵਾਲ ਨਾਲ ਮਿਲ ਕੇ ਪੰਜਾਬ ਦੇ ਸ਼ਹੀਦ ਹੋਏ 24 ਕਿਸਾਨ ਪਰਿਵਾਰਾਂ ਅਤੇ ਹਰਿਆਣਾ ਦੇ 5 ਕਿਸਾਨ ਪਰਿਵਾਰਾਂ ਨੂੰ 3-3 ਲੱਖ ਰੁਪਏ ਦੇ ਚੈੱਕ ਅਤੇ ਗਲਵਾਨ ਘਾਟੀ ਦੇ ਫੌਜੀ ਸ਼ਹੀਦਾਂ ਦੇ 4 ਪਰਿਵਾਰਾਂ ਨੂੰ 10-10 ਲੱਖ ਰੁਪਏ ਦੇ ਚੈੱਕ ਮੰਚ ਤੋਂ ਸੰਕੇਤ ਰੂਪਵਿੱਚ ਸੌਂਪੇ ਤੇ ਭਰੋਸਾ ਦਿੱਤਾ ਕਿ ਘੜੀ ਵਿੱਚ ਪੂਰਾ ਦੇਸ਼ ਉਨ੍ਹਾਂ ਦੇ ਨਾਲ ਹੈ। ਇਸ ਮੌਕੇ ਪੰਜਾਬ ਦੇ 543 ਪੀੜਤ ਕਿਸਾਨਾਂ ਦੇ ਪਰਿਵਾਰਾਂ ਤੋਂ ਬਿਨਾ ਹਰਿਆਣਾ ਦੇ 150 ਕਿਸਾਨ ਪਰਿਵਾਰਾਂ ਤੇ ਗਲਵਾਨ ਘਾਟੀ ਦੇ 5 ਸ਼ਹੀਦ ਪਰਿਵਾਰਾਂ ਨੂੰ ਉਨ੍ਹਾਂ ਨੇ ਨੋਡਲ ਅਫਸਰਾਂ ਰਾਹੀਂ ਚੈੱਕ ਦਿੱਤੇ।ਸਮਾਗਮ ਵਿੱਚ ਤਿਲੰਗਾਨਾ ਦੇ ਕੈਬਨਿਟ ਮੰਤਰੀ ਵੀ. ਪ੍ਰਸੰਥ ਰੈਡੀ ਅਤੇ ਪਾਰਲੀਮੈਂਟ ਮੈਂਬਰ ਨਾਮਾ ਨਾਗੇਸ਼ਵਰ ਰਾਓ, ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ, ਤੇਲੰਗਾਨਾ ਦੇ ਚੀਫ ਸੈਕਟਰੀ ਸੋਮੇਸ਼ ਕੁਮਾਰ, ਪੰਜਾਬ ਦੇ ਚੀਫ ਸੈਕਟਰੀ ਅਨਿਰੁਧ ਤਿਵਾੜੀ, ਮੁੱਖ ਮੰਤਰੀਦੇ ਪ੍ਰਿੰਸੀਪਲ ਚੀਫ ਸੈਕਟਰੀ ਏ. ਵੇਨੂੰ ਪ੍ਰਸਾਦ ਤੋਂ ਇਲਾਵਾ ਤਿਲੰਗਾਨਾ ਦੇ ਮੁੱਖ ਮੰਤਰੀ ਨਾਲ ਆਏ ਕਈ ਵਿਧਾਇਕ ਵੀ ਹਾਜ਼ਰ ਸਨ।

## ਸ਼ਾਦੀ-ਸ਼ੁਦਾ ਪ੍ਰੇਮੀ-ਪ੍ਰੇਮਿਕਾ ਨੇ ਜ਼ਹਿਰ ਖਾਧਾ, ਮੌਤ

ਤਰਨਤਾਰਨ, 22 ਮਈ (ਪੋਸਟ ਬਿਊਰੋ)- ਪਿੰਡ ਦੇਊ ਦੇ ਕੁਲਵਿੰਦਰ ਸਿੰਘ ਨੇ ਸ਼ਾਦੀਸ਼ੁਦਾ ਪ੍ਰੇਮਿਕਾ ਪਰਮਜੀਤ ਕੌਰ ਨਾਲ ਭੱਜ ਕੇ ਦੋ ਦਿਨ ਬਿਤਾਏ ਅਤੇ ਤੀਸਰੇ ਦਿਨ ਦੋਵਾਂ ਨੇ ਪਿੰਡ ਦੇ ਕੋਲ ਆ ਕੇ ਜ਼ਹਿਰੀਲੀ ਦਵਾਈ ਨਿਗਲ ਕੇ ਜਾਨ ਦੇ ਦਿੱਤੀ। ਮਰਨ ਵਾਲੇ ਨੌਜਵਾਨ ਦੀ ਵੀ ਦੋ ਮਹੀਨੇ ਪਹਿਲਾਂ ਹੀ ਸ਼ਾਦੀ ਹੋਈ ਸੀ। ਪਤਾ ਲੱਗਾ ਹੈ ਕਿ ਪਿੰਡ ਦੇਊ ਦੇ ਕੁਲਦੀਪ ਦੀ ਕਈ ਸਾਲ ਪਹਿਲਾਂ ਮੌਤ ਹੋ ਗਈ ਸੀ। ਉਸਦੀ ਪਤਨੀ ਜਸਬੀਰ ਕੌਰ ਨੇ ਆਪਣੇ ਦੋ ਲੜਕਿਆਂ ਕੁਲਵਿੰਦਰ ਸਿੰਘ ਤੇ ਦਵਿੰਦਰ ਸਿੰਘ ਨੂੰ ਪਾਲਿਆ ਸੀ। ਕੁਲਵਿੰ-ਦਰ ਜੇ ਸੀ ਬੀ ਚਲਾਉਦਾ ਸੀ। ਉਸਦਾ ਪਿੰਡ ਮੱਲਾ ਦੀ ਲੜਕੀ ਨਾਲ ਦੋ ਮਹੀਨੇ ਪਹਿਲਾਂ ਵਿਆਹ ਹੋਇਆ ਸੀ। ਜੇ ਸੀ ਬੀ ਚਲਾਉਣ ਲਈ ਉਹ ਦਸ ਮਈ ਨੂੰ ਪਿੰਡ ਕੋਟਬੁੱਢਾ ਵਿੱਚ ਗਿਆ ਸੀ। ਇੱਥੇ ਪਰਮਜੀਤ ਕੌਰ, ਨਾਲ ਕੁਲਵਿੰਦਰ ਨਾਲ ਸੰਬੰਧ ਹੋ ਗਏ। ਪਰਮਜੀਤ ਇੱਕ ਬੱਚੇ ਦੀ ਮਾਂ ਸੀ। ਅੰਮ੍ਰਿਤਸਰ ਦੇ ਇੱਕ ਹੋਟਲ ਵਿੱਚ ਦੋ ਦਿਨ ਰਹਿਣ ਪਿੱਛੋਂ ਕੱਲ੍ਹ ਦੋਵੇਂ ਪਿੰਡ ਦੇਊ ਆਏ। ਸਵੇਰੇ ਦਸ ਵਜੇ ਪਿੰਡ ਦੇ ਬਾਹਰ ਪਹੁੰਚਦੇ ਸਾਰ ਕੁਲਵਿੰਦਰ ਨੇ ਦੋਸਤ ਨੂੰ ਫੋਨ ਕਰ ਕੇ ਦੱਸਿਆ ਕਿ ਦੋਵਾਂ ਨੇ ਜ਼ਹਿਰੀਲੀ ਦਵਾ ਨਿਗਲ ਲਈ ਹੈ।


ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ



Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011


# ਬੋਰ-ਵੈੱਲ ਵਿੱਚ ਡਿੱਗੇ 6 ਸਾਲਾ ਰਿਤਿਕ ਦੀ ਜਾਨ ਕੋਸ਼ਿਸ਼ਾਂ ਦੇ ਬਾਵਜੂਦ ਨਹੀਂ ਬਚਾਈ ਜਾ ਸਕੀ





ਹੁਸ਼ਿਆਰਪੁਰ, 22 ਮਈ, (ਪੋਸਟ ਬਿਊਰੋ)- ਗੜ੍ਹਦੀਵਾਲਾ ਵਿਖੇ 100 ਫੁੱਟ ਡੂੰਘੇ ਬੋਰਵੈੱਲ ਵਿੱਚ ਡਿੱਗੇ 6 ਸਾਲਾ ਬੱਚੇ ਰਿਤਿਕ ਨੂੰ 8 ਘੰਟੇ ਬਾਅਦ ਕੱਢ ਲਿਆ ਗਿਆ ਅਤੇ ਐਂਬੂਲੈਂਸ ਰਾਹੀਂ ਹੁਸ਼ਿਆਰਪੁਰ ਹਸਪਤਾਲਵੀ ਲਿਜਾਇਆ ਗਿਆ, ਪਰ ਉਸ ਦੀ ਜਾਨ ਨਹੀਂ ਬਚ ਸਕੀ, ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰਦਿੱਤਾ।

ਇਸ ਸਬੰਧ ਵਿੱਚ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਬੱਚੇ ਨੂੰ ਬਚਾਉਣ ਲਈ ਪ੍ਰਸ਼ਾਸਨ ਵੱਲੋਂ ਵੱਡੀ ਪੱਧਰ ਉੱਤੇ ਕੋਸ਼ਿਸ਼ਾਂ ਕੀਤੀਆਂ, ਪਰ ਉਹਜ਼ਿੰਦਗੀ ਦੀ ਜੰਗ ਹਾਰ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਖੁਦ ਇਸ ਘਟਨਾ ਬਾਰੇ ਬਹੁਤ ਚਿੰਤਤ ਸਨ ਤੇ ਲਗਾਤਾਰ ਹਲਕੇ ਦੇ ਵਿਧਾਇਕਾਂ ਦੇ ਸੰਪਰਕ ਵਿੱਚ ਰਹੇ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਫੰਡ ਵਿੱਚੋਂ ਬੱਚੇ ਦੇ ਪਰਿਵਾਰ ਨੂੰ ਸਹਾਇਤਾ ਵਜੋਂ 2 ਲੱਖ ਰੁਪਏ ਦਿੱਤੇ ਜਾਣਗੇ।

ਵਰਨਣ ਯੋਗ ਹੈ ਕਿ ਸਵੇਰ ਤੋਂ 100 ਫੁੱਟ ਡੂੰਘੇ ਬੋਰਵੈੱਲ ਵਿੱਚਫਸੇ ਬੱਚੇ ਨੂੰ ਬਚਾਉਣ ਲਈਜ਼ਿਲਾ ਪ੍ਰਸ਼ਾਸਨ ਅਤੇ ਆਰਮੀ ਦੇ ਨਾਲ ਆਫਤ ਰਿਲੀਫ ਫੋਰਸ(ਐੱਨ ਡੀ ਆਰ ਐੱਫ਼ ਵੱਲੋਂ ਲਗਾਤਾਰ ਕੋਸ਼ਿਸ਼ ਜਾਰੀ ਸਨ ਅਤੇ ਕਰੀਬ 8 ਘੰਟੇ ਬਾਅਦ ਉਸ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਬਾਹਰ ਕੱਢ ਲਿਆ ਅਤੇ ਇਲਾਜ ਲਈ ਹੁਸ਼ਿਆਰਪੁਰ ਦੇ ਹਸਪਤਾਲ ਲਿਜ-ਾਇਆ ਗਿਆ, ਪਰ ਤਦ ਤੱਕ ਉਸ ਦੀ ਮੌਤ ਹੋ ਚੁੱਕੀ ਸੀ।

ਫ਼ੌਜ ਅਤੇ ਐੱਨ ਡੀ ਆਰ ਐੱਫ਼ ਵੱਲੋਂ ਬੱਚੇ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਵਿੱਚ ਉਹ ਜਵਾਨ ਵੀ ਸ਼ਾਮਲ ਸੀ, ਜਿਸ ਨੇ ਸਾਲ 2019 ਵਿੱਚ ਮੋਗਾ ਜ਼ਿਲੇ ਵਿੱਚ ਫ਼ਤਿਹਵੀਰ ਸਿੰਘ ਨੂੰ ਬੋਰਵੈੱਲ ਵਿੱਚੋਂ ਕੱਢਿਆ ਸੀ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates




ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW



ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification



Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਫੋਰਡ ਦੀ ਅਗਵਾਈ ਵਿੱਚ 1.5 ਮਿਲੀਅਨ ਘਰਾਂ ਦਾ ਸੁਪਨਾ ਸਾਕਾਰ ਕਰੇਗੀ ਓਨਟਾਰੀਓ ਦੀ ਪੀਸੀ ਪਾਰਟੀ

ਪੰਨਾ 1 ਦਾ ਬਾਕੀ

ਫੋਰਡ ਨੇ ਅੱਗੇ ਆਖਿਆ ਕਿ ਨਵੀਂ ਚੁਣੀ ਗਈ ਪੀਸੀ ਸਰਕਾਰ ਲੈਂਡ ਤੇ ਹਾਊਸਿੰਗ ਪਰਮਿਟ ਸੱਟੇਬਾਜ਼ਾਂ ਦਾ ਪਤਾ ਲਾ ਕੇ ਉਨ੍ਹਾਂ ਖਿਲਾਫ ਸਖ਼ਤ ਕਾਰਵਾਈ ਕਰੇਗੀ, ਜਿਹੜੇ ਨਵੇਂ ਘਰਾਂ ਦੀ ਸਪਲਾਈ ਦਾ ਰਾਹ ਰੋਕ ਰਹੇ ਹਨ ਤੇ ਜਿਨ੍ਹਾਂ ਕਾਰਨ ਘਰਾਂ ਦੀਆਂ ਕੀਮਤਾਂ ਵਿੱਚ ਵਾਧਾ ਹੋ ਰਿਹਾ ਹੈ, ਓਨਟਾਰੀਓ ਵਿੱਚ ਘਰ ਖਰੀਦਣ ਦੇ ਚਾਹਵਾਨਾਂ ਲਈ ਸਟੈਂਡ ਲਵੇਗੀ। ਪੀਸੀ ਸਰਕਾਰ ਨੇ ਵਿਦੇਸ਼ੀ ਖਰੀਦਦਾਰਾਂ ਉੱਤੇ ਸੱਭ ਤੋਂ ਸਖ਼ਤ ਟੈਕਸ ਲਾ ਕੇ ਲਿਬਰਲ ਪਾਰਟੀ ਦੀਆਂ ਚੋਰ-ਮੋਰੀਆਂ ਨੂੰ ਬੰਦ ਕੀਤਾ ਹੈ।

ਇਸ ਦੇ ਨਾਲ ਹੀ ਪੀਸੀ ਸਰਕਾਰ ਨੇ ਅਨੈਤਿਕ ਡਿਵੈਲਪਰਜ਼ ਖਿਲਾਫ ਜੁਰਮਾਨੇ ਲਾ ਕੇ ਓਨਟਾਰੀਓ ਦੇ ਹਾਊਸਿੰਗ ਰੈਗੂਲੇਟਰ ਦੇ ਹੱਥ ਮਜ਼ਬੂਤ ਕੀਤੇ ਹਨ। ਓਨਟਾਰੀਓ ਦੇ ਹਾਊਸਿੰਗ ਸਪਲਾਈ ਸੰਕਟ ਨੂੰ ਖ਼ਤਮ ਕਰਨ ਲਈ ਜੱਦੋ ਜਹਿਦ ਕਰ ਰਹੀ ਪੀਸੀ ਪਾਰਟੀ ਨੂੰ ਰੈਜ਼ੀਡੈਂਸ਼ੀਅਲ ਕੰਸਟ੍ਰਕਸ਼ਨ ਕਾਊਂਸਲ ਆਫ ਓਨਟਾਰੀਓ (ਰੈਸਕੌਨ) ਵੱਲੋਂ ਦਿੱਤੇ ਗਏ ਥਾਪੜੇ ਦਾ ਵੀ ਪਾਰਟੀ ਵੱਲੋਂ ਸਵਾਗਤ ਕੀਤਾ ਗਿਆ ਹੈ।

ਡੱਗ ਫੋਰਡ ਹੀ ਅਜਿਹੇ ਆਗੂ ਹਨ ਜਿਨ੍ਹਾਂ ਕੋਲ ਸਹੀ ਤੇ ਅਸਲੀ ਪਲੈਨ ਹੈ :

- ਚੰਗੀਆਂ ਮੈਨੂਫੈਕਚਰਿੰਗ ਜੌਬਜ਼ ਨਾਲ ਓਨਟਾਰੀਓ ਦੇ ਅਰਥਚਾਰੇ ਦਾ ਪੁਨਰਨਿਰਮਾਣ ਕਰਨਾ, ਨਿੱਕੇ ਕਾਰੋਬਾਰਾਂ ਲਈ ਵਧੇਰੇ ਮਦਦ ਤੇ ਮਾਈਨਿੰਗ ਸਬੰਧੀ ਠੋਸ ਯੋਜਨਾ
- ਸਕਿੱਲਡ ਟਰੇਡਜ਼ ਵਿੱਚ ਨਵੇਂ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ ਤੇ ਅਪਰੈਂਟਿਸਸ਼ਿਪ ਨੂੰ ਹੱਲਾਸ਼ੇਰੀ ਦੇ ਕੇ ਵਰਕਰਾਂ ਲਈ ਕੰਮ ਕਰਨਾ, ਕਾਲਜਾਂ ਨੂੰ ਤਿੰਨ ਸਾਲਾਂ ਲਈ ਡਿਗਰੀ ਦੀ ਇਜਾਜ਼ਤ ਦੇਣ ਤੇ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧਾ ਕਰਨਾ
- ਹਾਈਵੇਅ 413 ਤੇ ਬ੍ਰੈਡਫੋਰਡ ਬਾਇਪਾਸ ਸਮੇਤ ਨਵੇਂ ਹਾਈਵੇਅਜ਼ ਤੇ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ ਜਦਕਿ 401 ਈਸਟ ਵਿੱਚ ਨਿਵੇਸ਼ ਕਰਨਾ
- ਗੈਸ ਟੈਕਸ ਘਟਾ ਕੇ, ਲਾਇਸੰਸ ਪਲੇਟ ਸਟਿੱਕਰਜ਼ ਤੋਂ ਖਹਿੜਾ ਛੁਡਾ ਕੇ ਹਾਈਵੇਅਜ਼ 412 ਤੇ 418 ਉੱਤੇ ਟੋਲ ਹਟਾਅ ਕੇ ਕੀਮਤਾਂ ਘਟਾਉਣਾ
- ਹੋਰ ਨਰਸਾਂ, ਡਾਕਟਰਾਂ ਤੇ ਪਰਸਨਲ ਸਪੋਰਟ ਵਰਕਰਾਂ ਨੂੰ ਹਾਇਰ ਕਰਕੇ, ਬਹੁਤੇ ਸੀਨੀਅਰਜ਼ ਨੂੰ ਆਪਣੇ ਘਰਾਂ ਵਿੱਚ ਰਹਿਣ ਦੀ ਖੁੱਲ੍ਹ ਦੇ ਕੇ, ਵਧੇਰੇ ਵੈਕਸੀਨਜ਼ ਤਿਆਰ ਕਰਕੇ ਤੇ ਓਨਟਾਰੀਓ ਵਿੱਚ ਹੀ ਪੀਪੀਈ ਵਰਗੀ ਸਪਲਾਈ ਤਿਆਰ ਕਰਨਾ।

ਇਹ ਸਾਰੇ ਕੰਮ ਡੱਗ ਫੋਰਡ ਦੀ ਅਗਵਾਈ ਵਾਲੀ ਸਰਕਾਰ ਹੀ ਕਰ ਸਕਦੀ ਹੈ।

# ਪਾਸਪੋਰਟ ਕਾਊਂਟਰਜ਼ ਉੱਤੇ ਸਰਵਿਸ ਕੈਨੇਡਾ ਨੇ ਵਧਾਇਆ ਸਟਾਫ

ਪੰਨਾ 1 ਦਾ ਬਾਕੀ

ਤੇ ਇਸ ਨਾਲ ਸਮਰੱਥਾ ਵਿੱਚ 40 ਫੀ ਸਦੀ ਵਾਧਾ ਹੋਇਆ ਹੈ। ਏਜੰਸੀ ਨੇ ਇੱਕ ਨਿਊਜ਼ ਰਲੀਜ਼ ਵਿੱਚ ਆਖਿਆ ਕਿ ਉਨ੍ਹਾਂ ਨੇ ਪਾਸਪੋਰਟ ਅਰਜ਼ੀਆਂ ਨੂੰ ਪ੍ਰੋਸੈੱਸ ਕਰਨ ਲਈ 600 ਨਵੇਂ ਕਰਮਚਾਰੀ ਵੀ ਹਾਇਰ ਕੀਤੇ ਹਨ ਤੇ 300 ਸੈਂਟਰਾਂ ਉੱਤੇ ਹੋਰ ਪਾਸਪੋਰਟ ਕਾਊਂਟਰ ਵੀ ਖੋਲ੍ਹੇ ਗਏ ਹਨ। ਪਰ ਕਈ ਟਰੈਵਲਰਜ਼ ਲਈ ਇਹ ਨਵੇਂ ਮਾਪਦੰਡ ਕਾਫੀ ਰਾਹਤ ਦੇਣ ਵਾਲੇ ਹਨ। ਦੂਜੇ ਪਾਸੇ ਸਰਵਿਸ ਕੈਨੇਡਾ ਦੇ ਪਾਸਪੋਰਟ ਸਟਾਫ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਵੀ ਇਸ ਦੇਰ ਕਾਰਨ ਕਾਫੀ ਦਿੱਕਤਾਂ ਦਾ ਸਾਹਮਣਾ ਕਰ ਰਹੀ ਹੈ। ਯੂਨੀਅਨ ਆਫ ਨੈਸ਼ਨਲ ਇੰਪਲੌਈਜ਼ ਦੇ ਨੈਸ਼ਨਲ ਪ੍ਰੈਜ਼ੀਡੈਂਟ ਕੈਵਿਨ ਕਿੰਗ ਨੇ ਆਖਿਆ ਕਿ ਅਸੀਂ ਉਮੀਦ ਕਰਦੇ ਹਾਂ ਕਿ ਉਡੀਕ ਸਮੇਂ ਨੂੰ ਖ਼ਤਮ ਕਰਨ ਤੇ ਵਰਕਰਜ਼ ਦੀ ਹਿਫਾਜ਼ਤ ਲਈ ਸਰਕਾਰ ਕੋਈ ਠੋਸ ਪਲੈਨ ਜ਼ਰੂਰ ਲਿਆਵੇਗੀ।

# ਸਕਿੱਲਡ ਟਰੇਡਜ਼ ਵਿੱਚ ਵਧੇਰੇ ਵਰਕਰਾਂ ਨੂੰ ਕੰਮ ਦਿਵਾਏਗੀ ਮੁੜ ਚੁਣੀ ਗਈ ਫੋਰਡ ਸਰਕਾਰ

ਨਾਇਗਰਾ, 22 ਮਈ (ਪੋਸਟ ਬਿਊਰੋ) : ਅੱਜ ਇੱਥੇ ਡੱਗ ਫੋਰਡ ਨੇ ਐਲਾਨ ਕੀਤਾ ਕਿ ਸਕਿੱਲਡ ਟਰੇਡਜ਼ ਵਿੱਚ ਚੰਗੀਆਂ ਨੌਕਰੀਆਂ ਵਿੱਚ ਵਧੇਰੇ ਵਰਕਰਜ਼ ਨੂੰ ਪਾਉਣ ਲਈ ਅਗਲੇ ਤਿੰਨ ਸਾਲਾਂ ਵਿੱਚ ਪੀਸੀ ਸਰਕਾਰ ਇੱਕ ਬਿਲੀਅਨ ਡਾਲਰ ਦਾ ਨਿਵੇਸ਼ ਕਰੇਗੀ।



ਡੱਗ ਫੋਰਡ ਨੇ ਆਖਿਆ ਕਿ ਡੈਲ ਡੂਕਾ-ਵਿੰਨ ਦੇ ਲਿਬਰਲਾਂ ਨੇ ਅਜਿਹਾ ਭੰਬਲਭੂਸੇ ਵਾਲਾ ਸਿਸਟਮ ਤਿਆਰ ਕੀਤਾ ਕਿ ਓਨਟਾਰੀਓ ਦੇ 1.2 ਮਿਲੀਅਨ ਸਕਿੱਲਡ ਟਰੇਡਜ਼ ਵਰਕਰਜ਼ ਨੂੰ ਨੌਕਰੀਆਂ ਦੀ ਤਲਾਸ਼ ਵਿੱਚ ਪ੍ਰੋਵਿੰਸ ਤੋਂ ਬਾਹਰ ਜਾਣਾ ਪਿਆ। ਉਨ੍ਹਾਂ ਆਖਿਆ ਕਿ ਹੌਰਵਥ ਤੇ ਐਨਡੀਪੀ ਨੇ ਵਿਚਾਰਧਾਰਕ ਕਾਰਕੁੰਨਾਂ ਦੇ ਪੱਖ ਵਿੱਚ ਬਲੂ ਕਾਲਰ ਵਰਕਰਾਂ ਨੂੰ ਛੱਡ ਦਿੱਤਾ।

ਡੈਲ ਡੂਕਾ-ਵਿੰਨ ਦੇ ਲਿਬਰਲਾਂ ਦੀ ਅਗਵਾਈ ਵਿੱਚ 2013 ਤੇ 2018 ਦਰਮਿਆਨ ਓਨਟਾਰੀਓ 75000 ਰਜਿਸਟਰਡ ਅਪਰੈਂਟਿਸਿਜ਼ ਤੋਂ ਹੱਥ ਧੁਆ ਬੈਠਿਆ। ਪਰ ਡੱਗ ਫੋਰਡ ਦੀ ਯੋਗ ਅਗਵਾਈ ਤੇ ਮਦਦ ਨਾਲ ਲੋਕਾਂ ਨੇ ਇੱਕ ਵਾਰੀ ਫਿਰ ਸਕਿੱਲਡ ਟਰੇਡਜ਼ ਵਿੱਚ ਦਾਖਲ ਹੋਣਾ ਸ਼ੁਰੂ ਕੀਤਾ ਹੈ। ਇਸ ਦਾ ਪਤਾ ਓਨਟਾਰੀਓ ਦੀ ਪੀਸੀ ਪਾਰਟੀ ਨੂੰ ਵੱਧ ਤੋਂ ਵੱਧ ਯੂਨੀਅਨਾਂ ਦੇ ਮਿਲ ਰਹੇ ਸਮਰਥਨ ਤੋਂ ਚੱਲਦਾ ਹੈ। ਪੀਸੀ ਪਾਰਟੀ ਨੂੰ ਸਮਰਥਨ ਦੇਣ ਵਾਲਿਆਂ ਵਿੱਚ ਹੇਠ ਲਿਖੀਆਂ ਯੂਨੀਅਨਾਂ ਸ਼ਾਮਲ ਹਨ : '

- ਲਿਊਨਾ
- ਦ ਓਨਟਾਰੀਓ ਪਾਈਪ ਟਰੇਡਜ਼ ਕਾਊਂਸਲ
- ਦ ਇੰਟਰਨੈਸ਼ਨਲ ਬ੍ਰਦਰਹੁੱਡ ਆਫ ਬੁਆਇਲਰਮੇਕਰਜ਼
- ਦ ਇੰਟਰਨੈਸ਼ਨਲ ਬ੍ਰਦਰਹੁੱਡ ਆਫ ਇਲੈਕਟ੍ਰੀਕਲ ਵਰਕਰਜ਼ ਕੰਸਟ੍ਰਕਸ਼ਨ ਕਾਊਂਸਲ ਆਫ ਓਨਟਾਰੀਓ
- ਦ ਇੰਟਰਨੈਸ਼ਨਲ ਯੂਨੀਅਨ ਆਫ ਪੇਂਟਰਜ਼ ਐਂਡ ਅਲਾਈਡ ਟਰੇਡਜ਼
- ਦ ਇੰਟਰਨੈਸ਼ਨਲ ਐਸੋਸਿਏਸ਼ਨ ਆਫ ਸ਼ੀਟ ਮੈਟਲ, ਏਅਰ, ਰੇਲ ਐਂਡ ਟਰਾਂਸਪੋਰਟੇਸ਼ਨ ਵਰਕਰਜ਼ ਲੋਕਲ 285

ਲੰਮੇਂ ਸਮੇਂ ਤੱਕ ਅਣਗੌਲੇ ਰਹਿਣ ਤੋਂ ਬਾਅਦ ਪੀਸੀ ਪਾਰਟੀ ਇਨ੍ਹਾਂ ਮਿਹਨਤੀ ਵਰਕਰਜ਼ ਨੂੰ ਚੰਗੇ ਸਕਿੱਲਡ ਟਰੇਡਜ਼ ਵਿੱਚ ਚੰਗੀਆਂ ਨੌਕਰੀਆਂ ਦਿਵਾਏਗੀ ਤਾਂ ਕਿ ਉਹ ਵੱਡੇ ਪੇਅਚੈੱਕ ਹਾਸਲ ਕਰ ਸਕਣ।

# ਬੰਦੀ ਸਿੱਖਾਂ ਲਈ 11 ਮੈਂਬਰੀ ਕਮੇਟੀ ਵਿੱਚ ਸੁਖਬੀਰ ਬਾਦਲ ਤੇ ਹਿੱਤ ਨੂੰ ਪਾਉਣ ਦਾ ਵਿਰੋਧ ਹੋਰ ਵਧਿਆ

ਚੰਡੀਗੜ੍ਹ, 22 ਮਈ, (ਪੋਸਟ ਬਿਊਰੋ)- ਬੰਦੀ ਸਿੱਖਾਂ ਦੀਆਂ ਰਿਹਾਈਆਂ ਕਰਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਬਣਾਈ ਗਈ ਗਿਆਰਾਂ ਮੈਂਬਰੀ ਕਮੇਟੀ ਵਿੱਚ ਸੁਖਬੀਰ ਸਿੰਘ ਬਾਦਲ ਅਤੇ ਅਵਤਾਰ ਸਿੰਘ ਹਿੱਤ ਨੂੰ ਸ਼ਾਮਲ ਕੀਤੇ ਜਾਣ ਦਾ ਵਿਰੋਧ ਦਿਨੋ-ਦਿਨ ਤਿੱਖਾ ਹੁੰਦਾ ਜਾ ਰਿਹਾ ਹੇ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸੈਕਟਰੀ ਜਗਦੀਪ ਸਿੰਘ ਕਾਹਲੋਂ ਨੇਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਕੇਸ ਵਿੱਚ ਬਣਾਈ ਗਈ 11 ਮੈਂਬਰੀ ਕਮੇਟੀ ਵਿੱਚ ਦੋ ਖਾਸ ਸਿਆਸੀ ਆਗੂਆਂ ਨੂੰ ਸ਼ਾਮਲ ਕਰਨ ਦਾ ਸਿੱਧਾ ਵਿਰੋਧ ਕੀਤਾ ਅਤੇ ਕਿਹਾ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਇਨ੍ਹਾਂ ਦੀ ਪਾਰਟੀ ਦੇ ਦਿੱਲੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਨੂੰ ਕਿਸੇ ਕੀਮਤ ਉੱਤੇਇਸ ਕਮੇਟੀ ਦੇ ਮੈਂਬਰ ਨਹੀਂ ਲਿਆ ਜਾਣਾ ਚਾਹੀਦਾ ਤੇ ਕਮੇਟੀ ਵਿੱਚ ਸਿਰਫ ਕੌਮ ਦੇ ਧਾਰਮਿਕ ਆਗੂ ਹੀ ਸ਼ਾਮਲ ਕਰਨੇ ਚਾਹੀਦੇ ਹਨ।ਅੱਜ ਇਥੇ ਪ੍ਰੈੱਸ ਕਾਨਫਰੰਸ ਵਿੱਚਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸੈਕਟਰੀ ਜਗਦੀਪ ਸਿੰਘ ਕਾਹਲੋਂ ਦੇ ਨਾਲ ਹੋਰ ਅਹੁਦੇਦਾਰਾਂ ਨੇ ਵੀ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਹਮੇਸ਼ਾ ਸ੍ਰੀ ਅਕਾਲ ਤਖਤ ਦੇ ਹੁਕਮਾਂ ਦੀ ਪਾਲਣਾ ਕੀਤੀ ਹੈ ਅਤੇ ਬੰਦੀ ਸਿੰਘਾਂ ਦੀ ਰਿਹਾਈ ਵਰਗੇਕੇਸ ਵਿੱਚ ਵੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਹੁਕਮ ਹੀ ਮੰਨੇ ਹਨ, ਪਰ ਸ਼੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ 9 ਮੈਂਬਰੀ ਕਮੇਟੀ ਬਣਾਉਣ ਵੇਲੇ ਹੈਰਾਨੀਜਨਕ ਢੰਗ ਨਾਲ 2 ਹੋਰ ਮੈਂਬਰਾਂ ਨੂੰ ਸ਼ਾਮਲ ਕਰਨ ਦਾ ਐਲਾਨ ਕਰ ਦਿੱਤਾ।ਉਨ੍ਹਾਂ ਕਿਹਾ ਕਿ 19 ਮਈ ਨੂੰ ਕਮੇਟੀ ਦੀ ਪਹਿਲੀ ਮੀਟਿੰਗ ਵੇਲੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਕਮੇਟੀ ਵਿਚ ਸਿਆਸੀ ਆਗੂਪਾਉਣ ਦਾ ਵਿਰੋਧ ਕੀਤਾ ਤਾਂ ਦਿੱਲੀ ਦੇ ਆਗੂ ਪਰਮਜੀਤ ਸਿੰਘ ਸਰਨਾ ਨੇ ਸਵਾਲ ਕੀਤਾ ਕਿ ਕਿਹੜਾ ਸਿਆਸੀ ਆਗੂ ਹੈ ਤਾਂ ਜਥੇਦਾਰ ਦਾਦੂਵਾਲ ਨੇ ਸੁਖਬੀਰ ਸਿੰਘ ਬਾਦਲ ਦਾ ਨਾਂ ਲਿਆ ਸੀ, ਪਰ ਉਸ ਮੌਕੇ ਨਾ ਸਿਰਫ ਪਰਮਜੀਤ ਸਿੰਘ ਸਰਨਾ, ਸਗੋਂ ਮਨਜੀਤ ਸਿੰਘ ਜੀ ਕੇ ਆਦਿ ਵੀ ਸੁਖਬੀਰ ਸਿੰਘ ਬਾਦਲ ਦੇ ਪੱਖ ਵਿੱਚ ਆ ਗਏ। ਉਨ੍ਹਾਂ ਕਿਹਾ ਕਿ ਅਸੀਂ ਸਿੰਘ ਸਾਹਿਬ ਦੇ ਹੁਕਮ ਅਨੁਸਾਰ ਬੰਦੀ ਸਿੰਘਾਂ ਦੀ ਰਿਹਾਈ ਵਾਲੀ ਕਮੇਟੀ ਨੂੰ ਸਹਿਯੋਗ ਦੇਣ ਦੀ ਗੱਲ ਕਹੀ ਤੇ ਸਾਡੀ ਜ਼ਿੰਮੇਵਾਰੀਹੈ ਕਿ ਅਕਾਲ ਤਖਤ ਨੇ ਜ਼ਿੰਮੇਵਾਰੀ ਲਾਈ ਹੈ ਤਾਂ ਸ਼੍ਰੋਮਣੀ ਕਮੇਟੀ ਦਾ ਸਹਿਯੋਗ ਕਰੀਏ, ਪਰ ਮੰਦੇ ਭਾਗਾਂ ਨੂੰ ਜਾਪਦਾ ਹੈ ਕਿ ਇਹ ਬੰਦੀ ਸਿੰਘਾਂ ਦੀ ਰਿਹਾਈ ਲਈ ਨਾ ਹੋ ਕੇ ਇਕ ਸਿਆਸੀ ਪਾਰਟੀ ਦੇ ਬਚਾਅ ਲਈ ਕੀਤੀ ਜਾ ਰਹੀ ਕੋਸ਼ਿਸ਼ ਹੈ।

ਇਸ ਮੌਕੇ ਦਿੱਲੀ ਗੁਰਦੁਆਰਾ ਕਮੇਟੀ ਦੇ ਦੋਵਾਂ ਆਗੂਆਂ ਨੇ ਕਿਹਾ ਕਿ ਇਸ ਤੋਂ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ 19 ਮਈ ਨੂੰ ਜਦੋਂ ਪਹਿਲੀ ਮੀਟਿੰਗ ਹੋਈ ਤਾਂ ਫੈਸਲਾ ਹੋਇਆ ਕਿ ਕਮੇਟੀ ਮੀਟਿੰਗ ਬਾਰੇ ਕੋਈ ਮੀਡੀਆਨਾਲ ਗੱਲ ਨਹੀਂ ਕਰੇਗਾ, ਪਰ ਦਿੱਲੀ ਦੇ ਆਗੂ ਪਰਮਜੀਤ ਸਿੰਘ ਸਰਨਾ ਨੇ ਇਸ ਦੀ ਸਿਰਫ ਉਲੰਘਣਾ ਨਹੀਂ ਕੀਤੀ,ਸਗੋਂ ਕਮੇਟੀ ਵਿੱਚ ਹੋਈ ਗੱਲਬਾਤ ਦੇ ਤੱਥ ਤੋੜ ਮਰੋੜ ਕੇ ਮੀਡੀਆ ਨੂੰ ਦੱਸੇ। ਉਨ੍ਹਾਂ ਦੱਸਿਆ ਕਿ ਜਦੋਂ 19 ਮਈ ਨੂੰ ਪਹਿਲੀ ਮੀਟਿੰਗ ਵਿੱਚ ਦਿੱਲੀ ਕਮੇਟੀ ਨੇ ਦੋ ਮੈਂਬਰਾਂ ਨੂੰ ਲੈਣਦਾ ਇਤਰਾਜ਼ ਕੀਤਾ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਤੁਹਾਡੇ ਇਤਰਾਜ਼ ਨੋਟ ਕਰ ਲਏ ਹਨ, ਪਰ ਇਸ ਬਾਰੇ ਕਾਰਵਾਈ ਨਹੀਂ ਕੀਤੀ।ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਉਨ੍ਹਾਂ ਮੰਗ ਕੀਤੀ ਸੀ ਕਿ ਇਹ ਮੈਂਬਰ ਸ਼ਾਮਲ ਕਰਨ ਬਾਰੇ ਉਨ੍ਹਾਂ ਦੀ ਚਿੱਠੀ ਨੂੰ ਆਧਾਰ ਬਣਾ ਕੇ ਮਤਾ ਪਾਸ ਕੀਤਾ ਜਾਵੇ, ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਹੁੰਗਾਰਾ ਨਹੀਂ ਦਿੱਤਾ। ਉਨ੍ਹਾ ਕਿਹਾ ਕਿ ਅਸੀਂ ਪੁੱਛਦੇ ਹਾਂ ਕਿ ਜਿਹੜੇ ਬਾਦਲ ਬਰਗਾੜੀ ਤੇ ਬਹਿਬਲ ਕਲਾਂ ਦੇ ਦੋਸ਼ੀ ਹੋਣ ਅਤੇ ਸਰਨਾ ਭਰਾ ਅਤੇ ਮਨਜੀਤ ਸਿੰਘ ਜੀ ਕੇ ਪਿਛਲੇ ਲੰਬੇ ਸਮੇਂ ਤੋਂ ਉਨ੍ਹਾਂ ਖਿਲਾਫ ਬੋਲਦੇ ਰਹੇ ਹੋਣ, ਕੀ ਬਾਦਲ ਅੱਜ ਬਰੀ ਹੋ ਗਏ ਹਨ? ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪ ਗਾਇਬ ਹੋਣ ਬਾਰੇ ਅੱਜਤੱਕ ਕੋਈ ਪ੍ਰਤੱਖ ਬਿਆਨ ਨਹੀਂ ਆਇਆ।ਉਨ੍ਹਾਂ ਇਹ ਵੀ ਕਿਹਾ ਕਿ ਜਿਹੜੇ ਪੁਲਸ ਅਫਸਰਾਂ ਉੱਤੇਸਿੱਖਾਂ ਖਿਲਾਫ ਚੱਲਣਦੇ ਦੋਸ਼ ਸਨ, ਉਨ੍ਹਾ ਸੁਮੇਧ ਸੈਣੀ ਵਰਗੇ ਅਫਸਰਾਂ ਨੂੰ ਸੁਖਬੀਰ ਸਿੰਘ ਬਾਦਲ ਨੇ ਗ੍ਰਹਿ ਮੰਤਰੀ ਵਜੋਂ ਡੀ ਜੀ ਪੀ ਬਣਾਇਆ ਸੀ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਵੇਲੇ ਬਾਪੂ ਸੂਰਤ ਸਿੰਘ ਤੇ ਗੁਰਬਖਸ਼ ਸਿੰਘ ਆਦਿ ਨੇ ਬੰਦੀ ਸਿੰਘਾਂ ਦੀ ਗੱਲ ਕੀਤੀ ਤਾਂ ਉਸ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਸੀ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਦੀ ਜਥੇਦਾਰ ਸ੍ਰੀ ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਬੇਨਤੀ ਹੈ ਕਿ ਸਿਆਸੀ ਬੰਦੇ ਕਮੇਟੀਤੋਂ ਕੱਢੇ ਜਾਣ, ਪਰ ਜੇ ਉਨ੍ਹਾਂ ਗੱਲ ਨਾ ਸੁਣੀ ਤਾਂ ਫਿਰ ਇਸ ਮਾਮਲੇ ਵਿਚ ਦਿੱਲੀ ਕਮੇਟੀ ਰੋਸ ਜ਼ਾਹਿਰ ਕਰੇਗੀ।















ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਜੇਠ ਦਾ ਮਹੀਨਾ !

*ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥*
*ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥*
*ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥*
*ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥*
*ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥*
*ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥੭॥ (ਪੰਨਾ ੧੧੦੮)*

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸ ਜੇਠ ਦੇ ਮਹੀਨੇ ਦੀ ਤਪਸ਼ ਵਿਚ ਜੋ ਵੀ ਮਨੁੱਖ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰਕੇ ਉਸ ਨੂੰ ਆਪਣੇ ਮਨ ਵਿਚ ਵਸਾ ਲੈਂਦਾ ਹੈ, ਉਸ ਨੂੰ ਹਿਰਦੇ ਵਿਚ ਅਨੁਭਵ ਕਰ ਲੈਂਦਾ ਹੈ, ਉਹ ਉਸ ਅਕਾਲ ਪੁਰਖ ਦਾ ਹੀ ਸਰੂਪ ਹੋ ਜਾਂਦਾ ਹੈ, ਫਿਰ ਉਸ ਨੂੰ ਕੋਈ ਤਪਸ਼ ਨਹੀਂ ਪੋਂਹਦੀ। ਅਜਿਹੇ ਜੀਵ ਨੂੰ ਉਸ ਅਕਾਲ ਪੁਰਖ ਦੀ ਸਿਰਜੀ ਹਰ ਰੁੱਤ, ਹਰ ਮੌਸਮ ਚੰਗਾ ਲੱਗਦਾ ਹੈ। ਨਾਨਕਸ਼ਾਹੀ ਜੰਤਰੀ ਦੇ ਹਿਸਾਬ ਨਾਲ ਜੇਠ ਦਾ ਮਹੀਨਾ ਸਾਲ ਦੇ ਦੇਸੀ ਮਹੀਨਿਆਂ ਦਾ ਤੀਜਾ ਮਹੀਨਾ ਹੈ। ਸਾਲ ਦਾ ਹਰ ਮਹੀਨਾ ਆਪਣੇ ਨਾਲ ਨਵੀਂ ਰੁੱਤ ਤੇ ਨਵੀ ਮੌਸਮੀ ਤਬਦੀਲੀ 'ਲੈ ਕੇ ਆਉਂਦਾ ਹੈ। ਹਰ ਮਹੀਨੇ, ਹਰ ਰੁੱਤ, ਆਪਣੇ ਆਪ ਵਿਚ ਖਾਸ ਹੁੰਦਾ ਹੈ। ਜੇਠ ਦਾ ਮਹੀਨਾ ਅੰਗਰੇਜ਼ੀ ਮਹੀਨੇ ਦੇ ਹਿਸਾਬ ਨਾਲ ਅੱਧ ਮਈ ਤੋਂ ਸ਼ੁਰੂ ਹੋ ਅੱਧ ਜੂਨ ਤੱਕ ਦਾ ਹੁੰਦਾ ਹੈ। ਜੇਠ ਦਾ ਮਹੀਨਾ 31 ਦਿਨ ਦਾ ਮਹੀਨਾ ਆਪਣੇ ਆਪ 'ਚ ਗਰਮ ਮਹੀਨਾ ਹੁੰਦਾ ਹੈ। ਇਸ ਮਹੀਨੇ ਧਰਤ ਦੀ ਹਿੱਕ ਤੇ ਬੇਪ੍ਰਵਾਹ ਜਹੇ ਖੜੇ ਅੰਬਾਂ ਦੇ ਰੁੱਖਾਂ ਤੇ ਲੱਗੀਆਂ ਅੰਬੀਆਂ ਸੂਰਜ ਦੀ ਪਹਿਲੀ ਕਿਰਨ ਨਾਲ ਹੀ 'ਪਹੁ ਫੁੱਟਦਿਆਂ ਸਾਰ' ਚਉ ਪਾਸੇ ਮਹਿਕਾਂ ਫੈਲੀਆ ਰਹੀਆਂ ਹੁੰਦੀਆ ਹਨ। ਕੁਦਰਤ ਦੀ ਕਾਇਨਾਤ 'ਚ ਮਿੰਨੀ-ਮਿੰਨੀ ਵਗਦੀ 'ਲੂ 'ਚ ਝੁਲਦੇ ਲੀਚੀਆਂ, ਆੜੂਆਂ ਤੇ ਅਨਾਰਾਂ ਦੇ ਰੁੱਖ ਧਰਤ ਦਾ ਰੂਪ ਸ਼ਿੰਗਾਰਦੇ ਨਜ਼ਰ ਆਉਂਦੇ ਹਨ। ਜੇਠ ਦੇ ਮਹੀਨੇ ਨੂੰ ਲੂਆਂ ਦਾ ਮਹੀਨਾ ਵੀ ਕਿਹਾ ਜਾਂਦਾ ਹੈ।

ਜੇਠ ਮਹੀਨੇ ਸੂਰਜ ਦੇ ਤੇਜ਼ ਤਪਸ਼ ਆਪਣਾ ਅਸਰ ਹਰ ਪਸ਼ੂ,ਪੰਛੀ,ਰੁੱਖ ਅਤੇ ਮਨੁੱਖ ਤੇ ਦਿਖਾਉਂਦੀ ਹੈ। ਇਸ ਮੌਸਮ 'ਚ ਵਗਦੀ 'ਲੂੰ ਫੁੱਲ, ਪੱਤੀਆਂ ਅਤੇ ਮਨੁੱਖੀ ਸਰੀਰਾਂ ਨੂੰ ਜਦੋਂ 'ਛੁਹ ਕੇ ਲੰਘਦੀ ਤਾਂ ਇਕ ਵਾਰ ਤਾਂ ਜੇਠ ਮਹੀਨਾ ਆਪਣੇ ਗਰਮ ਸੁਭਾ ਦਾ ਅਹਿਸਾਸ ਕਰਵਾ ਜਾਂਦਾ। ਇਉਂ ਜਾਪਦਾ ਕਿ ਜੇਠ ਮਹੀਨੇ ਸੂਰਜ ਦੀ ਤੇਜ਼ ਤਪਸ਼ 'ਚ ਤਪਦੀ ਧਰਤੀ ਦੀ ਰੂਹ ਵੀ ਪਾਣੀ-ਪਾਣੀ ਕੁਰਲਾਉਂਦੀ ਹੋਵੇ। ਸੱਥਾਂ ਵਿਚ ਲੱਗੇ ਪਿੱਪਲ,ਬੋਹੜ ਦੀਆ ਛਾਵਾਂ 'ਚ ਬੈਠੇ ਲੋਕ ਭੱਠ ਵਾਂਗੂੰ ਤਪਦੀ ਧਰਤੀ ਨੂੰ ਵੇਖ, ਪ੍ਰਮਾਤਮਾ ਨੂੰ ਛਿੱਟ ਮੀਂਹ ਦੀ ਪਾਉਂਣ ਦੀ ਅਰਜੋਈ ਕਰਦੇ ਨਜ਼ਰ ਆਉਂਦੇ। ਜੇਠ ਦੇ ਮਹੀਨੇ ਚਊਂ ਪਾਸੀ ਵਗਦੀ 'ਲੂੰ ਕਾਰਨ ਟੋਭੇ,ਖੂਹ ਸੁੱਕਣ ਕੰਡੇ 'ਆ ਪੁੱਜਦੇ। ਜੇ ਕਿਤੇ ਜੇਠ ਮਹੀਨੇ ਕਿਤੇ ਇਕ-ਦੋ ਮੀਂਹ 'ਪੈ ਜਾਣ ਤਾਂ ਪਸ਼ੂ, ਪੰਛੀ ਤੇ ਮਨੁੱਖ ਜੇਠ ਮਹੀਨੇ ਦੀ ਗਰਮੀ ਨੂੰ ਭੁੱਲ ਕੁਝ ਸਮੇਂ ਲਈ ਠੰਡੇ ਬੁੱਲਿਆਂ ਦਾ ਅਨੰਦ ਮਾਣਦੇ ਨਜ਼ਰੀ ਪੈਂਦੇ ਹਨ। ਇਹ ਜੇਠ ਦਾ ਮਹੀਨਾ ਸਦਾ ਤੋਂ ਅਜਿਹਾ ਨਹੀ ਸੀ, ਇਨ੍ਹਾਂ ਕਰੜਾ, ਇਨ੍ਹਾਂ ਰੁੱਖਾ ਤੇ ਇਨ੍ਹਾਂ ਲੂਆਂ ਭਰਿਆ, ਜੇ ਕਹਿ ਲਈਏ ਕਿ 'ਜਹਿ ਲੋਕ ਤਹੀਆਂ ਰੁੱਤਾਂ' ਕਿਉਂ ਕਿ ਮਨੁੱਖ ਨੇ ਆਪਣੇ ਸੁਆਰਥ ਲਈ ਕੁਦਰਤ ਨਾਲ ਜਦੋਂ ਤੋਂ ਛੇੜ-ਛਾੜ ਕਰਨੀ ਸ਼ੁਰੂ ਕੀਤੀ ਬਸ ਉਦੋ ਤੋਂ ਹੀ ਮੌਸਮੀ ਚੱਕਰ 'ਚ ਆਈ ਤਬਦੀਲੀ ਨੇ ਰੁੱਤਾਂ ਦਾ ਸੁਭਾਅ ਵੀ ਬਦਲ ਦਿੱਤਾ।

ਜੇਠ ਦੇ ਮਹੀਨੇ ਜਿੱਥੇ ਹਰ ਪਾਸੇ ਵਗਦੀ 'ਲੂੰ ਨੇ ਮਨੁੱਖੀ ਚੇਹਰਿਆਂ ਤੋਂ ਰੌਣਕ ਉਡਾਈ ਹੁੰਦੀ ਹੈ ਉੱਥੇ ਹੀ ਅਮਲਤਲਾਸ ਤੇ ਗੁਲਮੋਹਰ ਜਹੇ ਰੁੱਖਾਂ ਤੇ ਇਉਂ ਜਾਪਦਾ ਜਿਵੇਂ ਜੇਠ ਮਹੀਨੇ ਬਾਹਰ ਰੁੱਤ ਮੁਹੱਬਤ ਦੀ ਬਾਤ ਪਾਉਣ ਆਈ ਹੋਵੇ, ਇਸੇ ਨੂੰ ਹੀ ਤਾਂ ਕੁਦਰਤ ਕਹਿੰਦੇ ਨੇ, ਤੇ ਇਸੇ ਨੂੰ ਕੁਦਰਤ ਦੇ ਰੰਗ। ਜੇਠ ਦੇ ਮਹੀਨੇ ਅਮਲਤਲਾਸ ਦੇ ਰੁੱਖਾਂ ਤੇ ਖਿੜੇ ਪੀਲੇ, ਕੇਸਰੀ ਰੰਗਾ ਦੇ ਫੁੱਲ ਇਸ ਜੇਠ ਮਹੀਨੇ ਦੇ ਤਪਸ਼ ਭਰੇ ਮਾਹੌਲ 'ਚ ਵੀ ਮਨੁੱਖੀ ਮਨਾ ਨੂੰ ਮੋਹ ਲੈਂਦੇ ਹਨ। ਜੇਠ ਮਹੀਨਾ ਚੜ੍ਹਦੇ ਹੀ ਇਹ ਅਮਲਤਲਾਸ ਦਾ ਖ਼ੂਬਸੂਰਤ ਰੁੱਖ ਫੁੱਲਾਂ ਨਾਲ ਲੱਦਿਆ ਜਾਂਦਾ ਹੈ। ਜੇਠ ਦੇ ਤਪਦੇ ਮਹੀਨੇ 'ਚ ਬਾਹਰ ਰੁੱਤ ਦੇ ਰੁੱਖਾਂ ਵਾਂਗੂ ਖਿੜਨ ਤੇ ਗਰਮ ਵਗਦੀਆਂ ਹਵਾਵਾਂ ਨਾਲ ਮੁਹੱਬਤ ਦੀਆ ਬਾਤਾਂ ਪਾਉਣੀਆਂ ਕੋਈ ਅਮਲਤਲਾਸ ਦੇ ਰੁੱਖ ਤੋਂ ਸਿੱਖੇ, ਭੱਠ ਵਾਂਗੂ ਤਪਦੇ ਇਸ ਮਹੀਨੇ 'ਚ ਅਮਲਤਲਾਸ ਦੇ ਰੁੱਖ ਇਉਂ ਜਾਪਦਾ ਕਿ ਸੰਸਾਰ ਨੂੰ ਸੰਦੇਸ਼ ਦਿੰਦੇ ਹੋਣ ਕਿ ਮੌਸਮ,ਬਹਾਰਾਂ ਤੇ ਜ਼ਿੰਦਗੀ 'ਚ ਉਤਾ-ਚੜ੍ਹਾ ਤਾਂ ਆਉਂਦੇ ਰਹਿੰਦੇ ਹਨ, ਉਨ੍ਹਾਂ ਦੀ ਪ੍ਰਵਾਹ ਕੀਤੇ ਬਿਨਾਂ ਚੱਲਦੇ ਰਹੋ,ਖੁਸ਼ ਰਹੋ,ਖਿੜੇ ਰਹੋ। ਇਸੇ ਤਰਾਂ ਜਿਵੇਂ ਅਮਲਤਲਾਸ ਦੇ ਰੁੱਖ ਕੁਦਰਤ 'ਚ ਚਹੁੰ ਪਾਸੀ ਆਪਣੇ ਪੀਲੇ, ਕੇਸਰੀ ਰੰਗਾ ਦੇ ਫੁੱਲ ਰਹੀ ਰੰਗ ਬਿਖੇਰਦੇ ਨਜ਼ਰੀ ਆਉਂਦੇ ਹਨ, ਉੱਥੇ ਹੀ ਗੁਲਮੋਹਰ ਰੁੱਖ ਦੇ ਫੁੱਲ ਵੀ ਜੇਠ ਮਹੀਨੇ ਪੂਰੇ ਜੋਬਨ ਤੇ ਆ ਲਾਲ-ਸੂਹੇ 'ਹੋ ਕੁਦਰਤ 'ਚ ਆਪਣਾ ਰੰਗ ਬਿਖਰੇ ਨਜ਼ਰੀ ਆਉਂਦੇ ਹਨ। ਗੁਲਮੋਹਰ ਦੇ ਲਾਲ-ਸੂਹੇ ਫੁਲ ਵੇਖਣ ਵਾਲਿਆਂ ਦੇ ਮਨ-ਮੋਹ ਲੈਂਦੇ ਹਨ। ਜੇਠ ਦੇ ਤਪਦੇ ਮਹੀਨੇ 'ਚ ਅਮਲਤਲਾਸ ਤੇ ਗੁਲਮੋਹਰ ਦੇ ਰੁੱਖਾਂ 'ਚ ਘਿਰਿਆ ਮਨੁੱਖ ਜੇਠ ਮਹੀਨੇ ਦੀ ਤਪਸ਼ ਭੁੱਲ ਬਹਾਰ ਰੁੱਤ ਦਾ ਅਨੰਦ ਮਾਣਦਾ ਨਜ਼ਰੀ ਆਉਂਦਾ ਹੈ।

ਜੇਠ ਦੇ ਮਹੀਨੇ 'ਚ ਕਿਸਾਨ ਅਗਲੀ ਫ਼ਸਲ ਦੀ ਬਿਜਾਈ ਕਰਨ ਦੀ ਵਿਉਂਤਬੰਦੀ ਕਰਦੇ ਹਨ। ਜੇਠ ਦੇ ਮਹੀਨੇ ਖੇਤ ਦੂਰ-ਦੂਰ ਤੱਕ ਜਿਆਦ-ਾਤਰ ਖਾਲੀ ਹੀ ਨਜ਼ਰ ਆਉਂਦੇ ਹਨ, ਦੂਰ-ਦੂਰ ਤੱਕ ਖਾਲੀ ਪਏ ਖੇਤਾਂ ਦਾ ਕਾਰਨ ਇਕ ਇਹ ਵੀ ਹੈ ਕਿ ਮੌਜੂਦਾ ਸਮੇਂ ਕਿਸਾਨ ਦੋ ਹੀ ਮੁੱਖ ਫ਼ਸਲਾਂ ਦੀ ਬਿਜਾਈ ਕਰਦੇ ਹਨ, ਇਕ ਕਣਕ ਤੇ ਦੂਜੀ ਜ਼ੀਰੀ, ਜੇ ਕਿਤੇ ਨਾਲ ਹੋਰ ਫਸਲਾਂ ਦੀ ਬਿਜਾਈ ਵੀ ਕੀਤੀ ਜਾਵੇ ਤਾਂ ਜੇਠ ਦੇ ਮਹੀਨੇ 'ਚ ਦੂਰ-ਦੂਰ ਤੱਕ ਖੇਤ ਇਉਂ ਖਾਲੀ ਨਜ਼ਰੀ ਨਾ ਆਉਣ ਨਾਲ ਹੀ ਧਰਤੀ ਦੀ ਤਪਸ਼ ਘਟਾਉਣ ਲਈ ਸਾਨੂੰ ਇਸ ਕਣਕ,ਜ਼ੀਰੀ ਦੇ ਫਸਲੀ ਚੱਕਰ 'ਚੋਂ ਨਿਕਲ ਹੋਰ ਮੌਸਮੀ ਫਸਲਾਂ ਦੀ ਪੈਦਾਵਾਰ ਵਧਾਉਣੀ ਪਵੇਗੀ। ਜਿਸ ਦੇ ਨਤੀਜੇ ਵਜੋਂ ਧਰਤੀ ਦੀ ਤਪਸ਼ ਘਟੇਗੀ, ਪਾਣੀ ਦੀ ਵਰਤੋਂ ਘਟੇਗੀ ਅਤੇ ਤੇਜੀ ਨਾਲ ਮੌਸਮੀ ਬਦਲਾਓ 'ਚ ਆਉਂਦੀ ਖ਼ਤਰਨਾਕ ਤਬਦੀਲੀ ਘਟੇਗੀ, ਸੋ ਖ਼ਤਰਨਾਕ ਮੌਸਮੀ ਬਦਲਾ ਨੂੰ ਰੋਕਣ ਲਈ ਸਾਨੂੰ ਖੁਦ ਨੂੰ ਬਦਲਣਾ ਪਵੇਗਾ। ਕੁਦਰਤ ਨਾਲ ਛੇੜਛਾੜ ਕਰਨੀ ਬੰਦ ਕਰਨੀ ਹੋਵੇਗੀ, ਕੁਦਰਤੀ ਸਰੋਤਾਂ ਦਾ ਦੁਰਉਪਯੋਗ ਬੰਦ ਕਰਨਾ ਹੋਵੇਗਾ ਤਾਂ ਜੋ ਕੋਈ ਵੀ ਮਹੀਨਾ ਮੌਸਮੀ ਤਬਦੀਲੀ ਕਾਰਨ ਆਪਣਾ ਪੁਰਾਤਨ ਵਜੂਦ ਨਾ ਗੁਆ ਬੈਠੇ।

ਇਹ ਵੀ ਦੇਖਣ, ਸੁਨਣ 'ਚ ਆਇਆ ਹੈ ਕਿ ਪੁਰਾਤਨ ਸਮਿਆਂ 'ਚ ਜਿਸ ਮਹੀਨੇ ਬੱਚੇ ਨੇ ਜਨਮ ਲੈਣਾ ਤਾਂ ਘਰ ਦੇ ਬਜ਼ੁਰਗਾ ਨੇ ਉਸ ਮਹੀਨੇ ਤੇ ਹੀ ਝੱਟ-ਪੱਟ ਜਨਮ ਲੈਣ ਵਾਲੇ ਬੱਚੇ ਦਾ ਨਾਂਅ ਰੱਖ ਦੇਣਾ ਜਿਵੇਂ ਜੇਠ ਮਹੀਨਾ ਚੱਲ ਰਿਹਾ ਹੈ ਤਾਂ ਜੇਠੂ ਮੱਲ, ਜੇਠਾ ਸਿਉਂ, ਜੇਠੇ ਖਾਂ ਆਦਿ। ਜੇਠ ਮਹੀਨੇ ਦਾ ਪੰਜਾਬੀ ਸੱਭਿਆਚਾਰ ਨਾਲ ਵੀ ਗੂੜ੍ਹਾ ਸਬੰਧ ਹੈ, ਜਿੱਥੇ 'ਜੇਠ' ਸ਼ਬਦ ਜੇਠ ਮਹੀਨੇ ਨਾਲ ਸਬੰਧਤ ਹੈ, ਉੱਥੇ ਹੀ 'ਜੇਠ' ਸ਼ਬਦ ਸਮਾਜਕ ਰਿਸ਼ਤਿਆਂ 'ਚ ਵੀ ਕਈ ਥਾਈਂ ਵਰਤਿਆ ਜਾਂਦਾ ਹੈ। ਸਮਾਜਕ ਰਿਸ਼ਤਿਆਂ 'ਚ 'ਜੇਠ' ਸ਼ਬਦ ਦਾ ਸ਼ਾਬਦਿਕ ਅਰਥ ਵੱਡਾ ਹੁੰਦਾ ਹੈ, ਘਰ 'ਚ ਪਹਿਲੇ ਜਨਮ ਲੈਣ ਵਾਲੇ ਬੱਚੇ ਨੂੰ ਜੇਠਾ ਕਿਹਾ ਜਾਂਦਾ ਜੋ ਅੱਜ ਵੀ ਪ੍ਰਚੱਲਤ ਹੈ। ਇਉਂ ਹੀ ਪੁਰਾਤਨ ਸਮਿਆਂ 'ਚ ਘਰ ਦੇ ਮੋਢੀ ਪੁਰਸ਼ ਨੂੰ ਵੀ 'ਜੇਠ' ਆਖ ਬੁਲਾਇਆ ਜਾਂਦਾ ਸੀ ਅਤੇ ਵਿਆਹੁਤਾ ਜੀਵਨ ਹੰਢਾ ਰਹੀਆਂ ਇਸਤਰੀਆਂ ਦਾ ਆਪਣੇ ਪਤੀ ਦੇ ਵੱਡੇ ਭਰਾ ਨਾਲ ਰਿਸ਼ਤਾ ਵੀ 'ਜੇਠ' ਵਾਲਾ ਹੁੰਦਾ ਹੈ, ਤੇ ਨਾਲ ਹੀ ਇਸ ਤਪਦੇ 'ਜੇਠ ਮਹੀਨੇ' ਤੋਂ ਤਪੀਆ ਵਿਆਹੁਤਾ ਇਸਤਰੀਆਂ ਜਦੋਂ ਦਾਅ ਲੱਗਦਾ ਆਪਣਾ ਗੁਸਾ -ਗਿਲਾ ਵੀ ਲੋਕ ਬੋਲੀਆਂ ਰਾਹੀਂ ਜੇਠ ਤੇ ਹੀ ਕੱਡਦੀਆਂ ਤੇ ਕਹਿਦੀਆਂ : ਛੜੇ ਜੇਠ ਨੂੰ ਲੱਸੀ ਨਹੀਂ ਦੇਣੀ, ਦਿਉਰ ਭਾਵੇਂ ਮੱਝ ਚੁੰਘ ਜੇ......

ਤੇ ਨਾਲ ਹੀ ਸਤਿਕਾਰ ਵਜੋਂ ਜਦੋਂ ਜੇਠ ਤੋਂ ਘੁੰਡ ਕੱਡਦੀ ਤਾਂ ਨਾਲ ਦੀਆ ਵਿਆਹੁਤਾ ਇਸਤਰੀਆਂ ਕਹਿਦੀਆਂ : 'ਜੇਠ ਕੋਲੋਂ ਘੁੰਡ ਕੱਢਦੀ ਨੰਗਾ ਰਖਦੀ ਕਲਿੱਪ ਵਾਲਾ ਪਾਸਾ........

ਜੇ ਕਿਧਰੇ ਮੁਹੱਬਤ ਦੀ ਗੱਲ ਕਰੀਏ ਤਾਂ ਜੇਠ ਮਹੀਨੇ ਮੁਹੱਬਤ ਦੀਆ ਹਵਾਵਾਂ,ਮੁਹੱਬਤ ਦੇ ਪਰਿੰਦੇ ਕੀਤੇ ਦੂਰ-ਦੁਰਾਡੇ ਉੱਡ-ਪੁੱਡ ਗਏ ਜਾਪਦੇ ਨੇ, ਤੇ ਮੁੜ ਆਉਣ ਲਈ ਬਹਾਰ ਰੁੱਤ ਨੂੰ ਉਡੀਕਦੇ, ਜੇਠ ਮਹੀਨੇ ਨੂੰ ਕਹਿੰਦੇ ਹੋਣਗੇ ਕਿ: ਜੇਠਾ 'ਵੇ ਤੂੰ ਕਿਉਂ ਤਪੇਨੈਂ.....

ਜਿੱਥੇ ਜੇਠ ਮਹੀਨਾ ਆਪਣੇ ਕੁਦਰਤੀ ਸੁਭਾ ਕਾਰਨ ਗਰਮ ਮਹੀਨਾ ਤਾਂ ਹੁੰਦਾ ਹੀ ਹੈ ਉੱਥੇ ਹੀ ਇਸ ਮਹੀਨੇ ਦੀ ਤਪਸ਼ ਵਧਾਉਣ 'ਚ ਮਨੁੱਖ ਨੇ ਵੀ ਕੋਈ ਕਸਰ ਬਾਕੀ ਨਹੀ ਛੱਡੀ, ਰੁੱਖਾਂ ਦੀ ਅੰਨੇਵਾਹ ਕਟਾਈ, ਪਾਣੀ ਦੀ ਦੁਰਵਰਤੋਂ,ਇਸੇ ਜੇਠ ਮਹੀਨੇ ਕਣਕ ਦੀ ਕਟਾਈ ਤੋਂ ਮਗਰੋਂ ਪਰਾਲੀ ਦੀ ਰੈਂਦ-ਖੂੰਦ ਨੂੰ ਅੱਗ ਲਗਾ ਵਾਤਾਵਰਨ ਗੰਦਲਾ ਕਰਨ ਦੇ ਨਾਲ-ਨਾਲ ਤਪਸ਼ ਵੀ ਵਧਾ ਰਹੇ ਹਾਂ। ਦੂਜੇ ਪਾਸੇ ਜੇਠ ਮਹੀਨਾ ਚੜ੍ਹਦੇ ਹੀ ਮੋਟਰ ਗੱਡੀਆਂ, ਦਫ਼ਰਤਾ, ਘਰੇਲੂ ਤੇ ਵਪਾਰਕ ਥਾਵਾਂ ਤੇ ਚੱਲਦੇ ਏਅਰਕੰਡੀਸ਼ਨ ਜੋ ਇਨ੍ਹਾਂ ਕੰਕਰੀਟ ਦੀਆ ਇਮਾਰਤਾਂ ਨੂੰ ਤਾਂ ਅੰਦਰੋਂ ਬੇਸ਼ੱਕ ਆਰਜ਼ੀ ਤੋਰ ਤੇ ਠੰਡਾ ਕਰਦੇ ਹਨ ਪ੍ਰੰਤੂ ਬਾਹਰੀ ਤਪਸ਼ ਵਧਾਉਣ 'ਚ ਆਪਣਾ ਪੂਰਾ ਯੋਗਦਾਨ ਪਾਉਂਦੇ ਹਨ, ਇਹ ਏਅਰਕੰਡੀਸ਼ਨ ਬਾਹਰ ਵੱਲ ਛੱਡਦੇ ਗਰਮ ਹਵਾ ਵਾਤਾਵਰਨ 'ਚ ਗਰਮੀ ਵਧਾਉਣ ਦਾ ਕੰਮ ਕਰਦੇ ਹਨ ਤੇ ਅਸੀ ਦੋਸ਼ ਕੱਲਾ ਜੇਠ ਮਹੀਨੇ ਨੂੰ ਦਈ ਜਾਂਦੇ ਹਾਂ। ਅਸੀ ਜੇਠ ਮਹੀਨੇ ਦੀ ਤਪਸ਼ ਘਟਾ ਸਕਦੇ ਹਾਂ, ਆਪਣੇ ਆਲੇ;ਦੁਆਲੇ ਰੁੱਖ ਲਗਾ, ਆਪਣੀ ਧਰਤੀ ਤੇ ਜੰਗਲ ਹੇਠ ਰਕਬਾ ਵਧਾ, ਜਿੱਥੇ ਇਕ ਖ਼ੂਬਸੂਰਤ ਵਾਤਾਵਰਨ ਸਿਰਜ ਸਕਦੇ ਹਾਂ ਉੱਥੇ ਹੀ ਤਪੇਦੇਂ ਜੇਠ ਮਹੀਨੇ ਨੂੰ ਕੁਝ ਹੱਦ ਤੱਕ ਠਾਰਣ ਦਾ ਯਤਨ ਵੀ ਕਰ ਸਕਦੇ ਹਾਂ।

*-ਹਰਮਨਪ੍ਰੀਤ ਸਿੰਘ*
*ਸਰਹਿੰਦ,*
*ਜ਼ਿਲ੍ਹਾ: ਫ਼ਤਹਿਗੜ੍ਹ ਸਾਹਿਬ,*
*ਸੰਪਰਕ: 98550 10005*



# ਹਲਕਾ-ਫੁਲਕਾ



ਟ੍ਰੈਫਿਕ ਸਿਗਨਲ ਉੱਤੇ ਇੱਕ ਵਿਅਕਤੀ ਨੇ ਰੈਡ ਲਾਈਟ ਪਾਰ ਕੀਤੀ ਤਾਂ ਉਸਦੇ ਪਿੱਛੇ-ਪਿੱਛੇ ਪੰਜ ਹੋਰ ਲੋਕਾਂ ਨੇ ਵੀ ਪਾਰ ਕਰ ਲਈ। ਅੱਗੇ ਪੁਲਸ ਵਾਲੇ ਨੇ ਪਹਿਲੇ ਵਿਅਕਤੀ ਨੂੰ ਛੱਡ ਕੇ ਬਾਕੀ ਸਭ ਦਾ ਚਲਾਨ ਕੱਟ ਦਿੱਤਾ ਤਾਂ ਬਾਕੀਆਂ ਨੇ ਪੁੱਛਿਆ, ''ਇਸ ਨੂੰ ਕਿਉਂ ਛੱਡ ਦਿੱਤਾ?''

ਇੰਸਪੈਕਟਰ, ''ਦਰਅਸਲ, ਇਹ ਸਾਡਾ ਬੰਦਾ ਹੈ, ਵਾਪਸ ਜਾਵੇਗਾ, ਫਿਰ ਸਿਗਨਲ ਤੋੜੇਗਾ ਤੇ ਤੁਹਾਡੇ ਵਰਗੇ 4-5 ਨੂੰ ਫਿਰ ਫਸਵਾਏਗਾ! ਕੀ ਕਰੀਏ ਭਰਾ, ਮਾਰਚ ਮਹੀਨਾ ਚੱਲ ਰਿਹੈ, ਅਸੀਂ ਟਾਰਗੈਟ ਪੂਰਾ ਕਰਨਾ ਹੁੰਦੈ।''

********

ਪਤਨੀ ਤਾਰਿਆਂ ਨੂੰ ਦੇਖ ਕੇ ਪਤੀ ਨੂੰ ਬੋਲੀ, ''ਦੱਸੋ, ਉਹ ਕਿਹੜੀ ਚੀਜ਼ ਹੈ ਜੋ ਤੁਸੀਂ ਰੋਜ਼ ਦੇਖਦੇ ਹੋ, ਪਰ ਲਿਆ ਨਹੀਂ ਸਕਦੇ?''

ਪਤੀ ਨੇ ਉਸ ਵੇਲੇ ਜੁਆਬ ਦਿੱਤਾ, ''ਗੁਆਂਢਣ।''

********

ਇੱਕ ਪੁਲਸ ਵਾਲੇ ਦੇ ਘਰ ਚੋਰੀ ਹੋ ਰਹੀ ਸੀ, ਆਵਾਜ਼ਾਂ ਸੁਣ ਕੇ ਉਸਦੀ ਪਤਨੀ ਬੋਲੀ, ''ਉਠੋ ਜੀ! ਘਰ ਵਿੱਚ ਚੋਰੀ ਹੋ ਰਹੀ ਹੈ।''

ਪੁਲਸ ਵਾਲਾ, ''ਮੈਨੂੰ ਸੌਣ ਦੇ, ਇਹ ਮੇਰੀ ਡਿਊਟੀ ਦਾ ਸਮਾਂ ਨਹੀਂ ਹੈ।''

********

ਇੱਕ ਵਾਰ ਪੱਪੂ ਨੇ ਇੱਕ ਘੜੀ ਬਣਾਉਣ ਵਾਲੇ ਨੂੰ ਪੁੱਛਿਆ, ਤੁਸੀਂ ਇਸ ਘੜੀ ਨੂੰ ਠੀਕ ਕਰਨ ਦਾ ਕੀ ਲਓਗੇ?

ਘੜੀ ਵਾਲਾ: ਜਿੰਨਾ ਮੁੱਲ ਹੈ, ਅੱਧਾ ਦੇ ਦਿਓ।

ਅਗਲੇ ਦਿਨ ਜਦੋਂ ਘੜੀ ਵਾਲੇ ਨੇ ਪੱਪੂ ਤੋਂ ਆਪਣੀ ਮਿਹਨਤ ਮੰਗੀ ਤਾਂ ਪੱਪੂ ਨੇ ਉਸ ਨੂੰ ਦੋ ਥੱਪੜ ਮਾਰ ਦਿੱਤੇ।

ਘੜੀ ਵਾਲਾ: ਤੁਸੀਂ ਕੀ ਕੀਤਾ?

ਪੱਪੂ: ਕੁਝ ਨਹੀਂ, ਜਦੋਂ ਮੈਂ ਘੜੀ ਲੈਣ ਲਈ ਜ਼ਿਦ ਕੀਤੀ ਸੀ ਤਾਂ ਮੇਰੇ ਪਿਤਾ ਨੇ ਮੈਨੂੰ ਚਾਰ ਥੱਪੜ ਮਾਰੇ ਸਨ।

# ਸਿਆਸਤ ਦੀ ਭੇਟ ਚੜ੍ਹ ਗਈ ਭਾਰਤੀ ਕਿਸਾਨ ਯੂਨੀਅਨ

ਰਾਜੇਸ਼ ਮਾਹੇਸ਼ਵਰੀ

ਦੇਸ਼ ਵਿੱਚ ਕਿਸਾਨਾਂ ਦੇ ਵੱਡੇ ਨੇਤਾ ਸਵਰਗੀ ਮਹਿੰਦਰ ਸਿੰਘ ਟਿਕੈਤ ਦੀ 11ਵੀਂ ਬਰਸੀ ਉੱਤੇ ਉਨ੍ਹਾਂ ਦੀ ਬਣਾਈ ਭਾਰਤੀ ਕਿਸਾਨ ਯੂਨੀਅਨ ਦੋ ਧੜਿਆਂ ਵਿੱਚ ਵੰਡੀ ਗਈ। ਸਭ ਤੋਂ ਵੱਡੀ ਗੱਲ ਇਹ ਹੋਈ ਕਿ ਕਿਸਾਨ ਅੰਦੋਲਨ ਦਾ ਸਭ ਤੋਂ ਵੱਡਾ ਚਿਹਰਾ ਬਣ ਕੇ ਉਭਰੇ ਬਾਬਾ ਟਿਕੈਤ ਦੇ ਦੋਹਾਂ ਬੇਟਿਆਂ ਨਰੇਸ਼ ਟਿਕੈਤ ਅਤੇ ਰਾਕੇਸ਼ ਟਿਕੈਤ ਨੂੰ ਭਾਰਤੀ ਕਿਸਾਨ ਯੂਨੀਅਨ ਵਿੱਚੋਂ ਬਰਖਾਸਤ ਕਰ ਦਿੱਤਾ ਗਿਆ ਹੈ।

ਫਤਿਹਪੁਰ ਜ਼ਿਲ੍ਹੇ ਦਾ ਰਾਜੇਸ਼ ਸਿੰਘ ਨੂੰ ਭਾਰਤੀ ਕਿਸਾਨ ਯੂਨੀਅਨ (ਅਰਾਜਨੈਤਿਕ) ਦਾ ਨਵਾਂ ਪ੍ਰਧਾਨ ਬਣਾਇਆ ਗਿਆ। ਅਸਲ ਵਿੱਚ ਕਿਸਾਨ ਅੰਦੋਲਨ ਨੂੰ ਸਿਆਸੀ ਰੰਗ ਦੇਣ ਅਤੇ ਯੂ ਪੀ ਸਮੇਤ ਸਭ ਰਾਜਾਂ ਵਿੱਚ ਭਾਜਪਾ ਨੂੰ ਹਰਾਉਣ ਦੀਆਂ ਕੋਸ਼ਿਸ਼ਾਂ ਵਿੱਚ ਲੱਗੇ ਹੋਏ ਟਿਕੈਤ ਭਰਾਵਾਂ ਦੇ ਕੰਮ ਕਰਨ ਦੇ ਢੰਗ ਬਾਰੇ ਸੰਗਠਨ ਦੇ ਆਗੂਆਂ ਵਿੱਚ ਅਣਬਣ ਅਤੇ ਮਤਭੇਦ ਕਾਫੀ ਸਮੇਂ ਤੋਂ ਜਾਰੀ ਸੀ।

ਇਤਿਹਾਸ ਦੇ ਪੰਨੇ ਪਲਟੀਏ ਤਾਂ 1 ਮਾਰਚ 1987 ਨੂੰ ਮਹਿੰਦਰ ਸਿੰਘ ਟਿਕੈਤ ਨੇ ਕਿਸਾਨਾਂ ਦੇ ਮੁੱਦੇ ਬਾਰੇ ਭਾਰਤੀ ਕਿਸਾਨ ਯੂਨੀਅਨ ਦਾ ਗਠਨ ਕੀਤਾ ਸੀ। ਉਸੇ ਦਿਨ ਕਰਮੂਖੇੜੀ ਬਿਜਲੀ ਘਰ ਵਿਖੇ ਪਹਿਲਾ ਧਰਨਾ ਦਿੱਤਾ ਗਿਆ। ਇਸ ਧਰਨੇ ਦੌਰਾਨ ਹਿੰਸਾ ਹੋਈ ਸੀ। ਕਿਸਾਨ ਅੰਦੋਲਨ ਭੜਕ ਉਠਿਆ। ਪੀ ਏ ਸੀ (ਉਤਰ ਪ੍ਰਦੇਸ਼ ਦੀ ਪ੍ਰੋਵਿੰਸ਼ੀਅਲ ਆਰਮਡ ਕਾਂਸਟੇਬੁਲਰੀ) ਦੇ ਇੱਕ ਸਿਪਾਹੀ ਅਤੇ ਇੱਕ ਕਿਸਾਨ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਪੁਲਸ ਦੀ ਮੋਟਰਗੱਡੀ ਨੂੰ ਸਾੜ ਦਿੱਤਾ ਗਿਆ। ਬਾਅਦ ਵਿੱਚ ਬਿਨਾਂ ਕਿਸੇ ਹੱਲ ਦੇ ਧਰਨਾ ਖਤਮ ਕਰਨਾ ਪਿਆ।

17 ਮਾਰਚ 1987 ਨੂੰ ਭਾਰਤੀ ਕਿਸਾਨ ਯੂਨੀਅਨਦੀ ਪਹਿਲੀ ਬੈਠਕ ਹੋਈ, ਜਿਸ ਵਿੱਚ ਫੈਸਲਾ ਲਿਆ ਗਿਆ ਕਿ ਇਹ ਯੂਨੀਅਨ ਕਿਸਾਨਾਂ ਦੀ ਲੜਾਈ ਲੜੇਗੀ ਤੇ ਹਮੇਸ਼ਾ ਗੈਰ-ਸਿਆਸੀ ਰਹੇਗੀ। ਉਸ ਪਿੱਛੋਂ ਪੱਛਮੀ ਉਤਰ ਪ੍ਰਦੇਸ਼ ਵਿੱਚਇਹ ਯੂਨੀਅਨ ਕਿਸਾਨਾਂ ਦੇ ਮੁੱਦੇ ਚੁੱਕਣ ਲੱਗੀ, ਪਰ ਤਿੰਨ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਵਿੱਚ ਭਾਰਤੀ ਕਿਸਾਨ ਯੂਨੀਅਨ ਕੇਂਦਰੀ ਭੂਮਿਕਾ ਵਿੱਚ ਰਹੀ ਅਤੇ ਉਸ ਦੇ ਆਗੂ ਰਾਕੇਸ਼ ਟਿਕੈਤ ਵੱਡਾ ਚਿਹਰਾ ਬਣ ਕੇ ਉਭਰੇ।



ਇਸ ਵਿੱਚ ਕੋਈ ਦੋ-ਰਾਵਾਂ ਨਹੀਂ ਕਿ ਕਿਸਾਨ ਅੰਦੋਲਨ ਦੇ ਨੇਤਾ ਸਰਕਾਰ ਕੋਲ ਗੱਲਬਾਤ ਦਾ ਪ੍ਰਸਤਾਵ ਭੇਜ ਕੇ ਅੰਦੋਲਨ ਨੂੰ ਜ਼ਿੰਦਾ ਰੱਖਣ ਅਤੇ ਇਸ ਨੂੰ ਟੁੱਟਣ ਤੋਂ ਬਚਾਉਣ ਦੀ ਕੋਸ਼ਿਸ਼ ਵਿੱਚ ਲੱਗੇ ਰਹੇ ਸਨ। ਅੰਦੋਲਨ ਦੇ ਸਮੇਂ ਸਭ ਕਿਸਾਨ ਆਪਣੇ ਆਗੂਆਂ ਨੂੰ ਪੁੱਛਦੇ ਸਨ ਕਿ ਜੇ ਸਰਕਾਰ ਨਾਲ ਗੱਲਬਾਤ ਨਾ ਹੋਵੇਗੀ ਤਾਂ ਰਾਹ ਕਿਵੇਂ ਨਿਕਲੇਗਾ? ਕਦੋਂ ਤੱਕ ਕਿਸਾਨ ਅੰਦੋਲਨ ਖਿੱਚਿਆ ਜਾ ਸਕਦਾ ਹੈ? ਕੋਰੋਨਾ ਮਹਾਮਾਰੀ ਦੇ ਸਮੇਂ ਅੰਦੋਲਨ ਜਾਰੀ ਰੱਖਣ ਉੱਤੇ ਕਿਸਾਨ ਨੇਤਾ ਵੰਡੇ ਹੋਏ ਸਨ। ਅੰਦੋਲਨ ਦੇ ਨਾਂ ਉੱਤੇ ਭਾਜਪਾ ਨੂੰ ਹਰਾਉਣ ਲਈ ਚੋਣ ਵਾਲੇ ਰਾਜਾਂ ਵਿੱਚ ਵੀ ਕਿਸਾਨ ਅੰਦੋਲਨ ਦੇ ਨੇਤਾ ਪਹੁੰਚ ਗਏ। ਇਸ ਤੋਂ ਲੱਗਣ ਲੱਗਾ ਕਿ ਕਿਸਾਨ ਆਗੂਆਂ ਦਾ ਮਕਸਦ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਾਉਣਾ ਨਹੀਂ, ਸਗੋਂ ਕੇਂਦਰ ਸਰਕਾਰ ਨੂੰ ਝੁਕਾਉਣਾ ਹੈ। ਇਸੇ ਕਾਰਨ ਕੁਝ ਕਿਸਾਨ ਸੰਗਠਨਾਂ ਨੇ ਅੰਦੋਲਨ ਤੋਂ ਦੂਰੀ ਬਣਾ ਲਈ। ਕੁਝ ਕਿਸਾਨ ਨੇਤਾ ਕੋਰੋਨਾ ਮਹਾਮਾਰੀ ਦਾ ਮਜ਼ਾਕ ਉਡਾ ਕੇ ਕਦੇ ਕਹਿੰਦੇ ਸਨ ਕਿ ਟੀਕੇ ਨਹੀਂ ਲਗਵਾਵਾਂਗੇ। ਕਦੇ ਕਹਿੰਦੇ ਸਨ ਅੱਧੇ ਟੀਕੇ ਧਰਨੇ ਵਾਲੀ ਥਾਂ ਉੱਤੇ ਡਿਊਟੀ ਦੇ ਰਹੇ ਪੁਲਸ ਮੁਲਾਜ਼ਮਾਂ ਨੂੰ ਲਾਏ ਜਾਣ ਤਾਂ ਜੋ ਸਾਨੂੰ ਭਰੋਸਾ ਹੋ ਜਾਵੇ ਕਿ ਸਰਕਾਰ ਸਾਡੇ ਨਾਲ ਕੁਝ ਗਲਤ ਨਹੀਂ ਕਰ ਰਹੀ।

ਦਿੱਲੀ ਵਿੱਚ 26 ਜਨਵਰੀ ਦੀ ਹਿੰਸਾ ਪਿੱਛੋਂ ਜਦੋਂ ਕਿਸਾਨ ਅੰਦੋਲਨ ਖਤਮ ਹੋਣ ਦੇ ਕੰਢੇ ਉੱਤੇ ਸੀ ਤਾਂ ਰਾਕੇਸ਼ ਟਿਕੈਤ ਦੇ ਅੱਥਰੂਆਂ ਨੇ ਕਮਾਲ ਕਰ ਦਿੱਤੀ। ਵੇਖਦੇ ਹੀ ਵੇਖਦੇ ਕਿਸਾਨਾਂ ਦਾ ਹਜੂਮ ਨਵੇਂ ਜੋਸ਼ ਨਾਲ ਮੁੜ ਤੋਂ ਉਠ ਖੜਾ ਹੋਇਆ। ਪੂਰੇ ਕਿਸਾਨ ਅੰਦੋਲਨ ਦੀ ਕਮਾਨ ਰਾਕੇਸ਼ ਟਿਕੈਤ ਦੇ ਹੱਥਆ ਗਈ। ਰਾਕੇਸ਼ ਟਿਕੈਤ ਪੰਜਾਬ, ਹਰਿਆਣਾ, ਯੂ ਪੀ, ਉਤਰਾਖੰਡ, ਪੱਛਮੀ ਬੰਗਾਲ ਅਤੇ ਦੱਖਣੀ ਭਾਰਤ ਤੱਕ ਦੌਰੇ ਕਰਨ ਲੱਗੇ। ਇੱਕ ਵਾਰ ਤਾਂ ਅਜਿਹਾ ਲੱਗਣ ਲੱਗਾ ਕਿ ਰਾਕੇਸ਼ ਟਿਕੈਤ ਅਤੇ ਉਨ੍ਹਾਂ ਦੇ ਸਾਥੀ ਆਗੂਆਂ ਦਾ ਇਰਾਦਾ ਕਿਸਾਨਾਂ ਦੇ ਮੁੱਦੇ ਹੱਲ ਕਰਨ ਦੀ ਥਾਂ ਸਿਆਸਤ ਚਮਕਾਉਣ ਵੱਲ ਵੱਧ ਹੈ। ਯੂ ਪੀ ਅਤੇ ਉਤਰਾਖੰਡ ਅਸੈਂਬਲੀ ਚੋਣਾਂ ਵਿੱਚ ਟਿਕੈਤ ਭਰਾਵਾਂ ਦੀ ਭੂਮਿਕਾ ਚਰਚਾ ਵਿੱਚ ਰਹੀ ਹੈ। ਕਿਸਾਨ ਮਹਾਪੰਚਾਇਤ ਵਿੱਚ 'ਵੋਟ ਕੀ ਚੋਟ' ਸਬੰਧੀ ਰਾਕੇਸ਼ ਟਿਕੈਤ ਦੇ ਐਲਾਨ ਨੂੰ ਦੇਸ਼ਵਾਸੀਆਂ ਨੇ ਸੁਣਿਆ।

ਖੇਤੀਬਾੜੀ ਕਾਨੂੰਨਾਂ ਵਿਰੁੱਧ ਕੀਤੇ ਅੰਦੋਲਨ ਨੂੰ ਜਦੋਂ 383 ਦਿਨਾਂ ਬਾਅਦ ਖਤਮ ਕੀਤਾ ਤਾਂ ਵੱਡਾ ਸਵਾਲ ਜਿਹੜਾ ਦਿਮਾਗ ਵਿੱਚ ਆਇਆ, ਉਹ ਇਹ ਸੀ ਕਿ ਇਸ ਅੰਦੋਲਨ ਵਿੱਚ ਹੀਰੋ ਵਾਂਗ ਉਭਰੇ ਰਾਕੇਸ਼ ਟਿਕੈਤ ਦਾ ਅਗਲਾ ਕਦਮ ਕੀ ਹੋਵੇਗਾ।ਉਤਰ ਪ੍ਰਦੇਸ਼ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਰਾਕੇਸ਼ ਟਿਕੈਤ ਨੇ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਲੋਕ ਦਲ ਦੀ ਹਮਾਇਤ ਕੀਤੀ। ਯੂ ਪੀ ਦੀਆਂ ਪੰਚਾਇਤੀ ਚੋਣਾਂ ਤੋਂ ਪਹਿਲਾਂ ਵੀ ਭਾਰਤੀ ਕਿਸਾਨ ਯੂਨੀਅਨ ਦੇ ਆਗੂਆਂ ਨਰੇਸ਼ ਟਿਕੈਤ ਅਤੇ ਰਾਕੇਸ਼ ਟਿਕੈਤ ਨੇ ਪੂਰੇ ਯੂ ਪੀ ਦਾ ਦੌਰਾ ਕੀਤਾ ਅਤੇ ਪੱਛਮੀ ਬੰਗਾਲ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਵੀ ਉਥੇ ਗਏ। ਦਿੱਲੀ ਦੀ ਹੱਦ ਉੱਤੇ ਪੂਰਾ ਇੱਕ ਸਾਲ ਚੱਲੇ ਕਿਸਾਨ ਅੰਦੋਲਨ ਦੀ ਸਿਆਸੀ ਫਸਲ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਸਮੇਂ ਵੀ ਸਾਹਮਣੇ ਆਈ। ਕਿਸਾਨ ਅੰਦੋਲਨ ਦਾ ਮੁੱਖ ਚਿਹਰਾ ਰਹੇ ਗੁਰਨਾਮ ਸਿੰਘ ਚੜੂਨੀ ਨੇ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਵੀ ਕਰ ਦਿੱਤਾ।

ਭਾਰਤੀ ਕਿਸਾਨ ਯੂਨੀਅਨ ਦੇ ਨਵੇਂ ਮੁਖੀ ਰਾਜੇਸ਼ ਸਿੰਘ ਚੌਹਾਨ ਯੂ ਪੀ ਦੇ ਫਤਿਹਪੁਰ ਜ਼ਿਲ੍ਹੇ ਦੀ ਖਾਗਾ ਤਹਿਸੀਲ ਖੇਤਰ ਦੇ ਸਿਠੌਰਾ ਪਿੰਡ ਦੇ ਰਹਿਣ ਵਾਲੇ ਹਨ। ਉਹ ਭਾਰਤੀ ਕਿਸਾਨ ਯੂਨੀਅਨ ਦੇ ਗਠਨ ਤੋਂ ਉਸ ਦੇ ਨਾਲ ਹਨ। 1990 ਵਿੱਚ ਰਾਜੇਸ਼ ਸਿੰਘ ਗ੍ਰੈਜੂਏਸ਼ਨ ਕਰਨ ਪਿੱਛੋਂ ਕਿਸਾਨ ਆਗੂ ਮਹਿੰਦਰ ਸਿੰਘ ਟਿਕੈਤ ਦੇ ਸੰਪਰਕ ਵਿੱਚ ਆਏ ਸਨ। ਉਦੋਂ ਬਾਬਾ ਟਿਕੈਤ ਹਥਗਾਮ ਵਿਖੇ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਆਏ ਸਨ। ਬਾਬਾ ਟਿਕੈਤ ਨੇ ਹਥਗਾਮ ਦੌਰੇ ਦੌਰਾਨ ਰਾਜੇਸ਼ ਸਿੰਘ ਦੇ ਜੁਝਾਰੂਪਣ ਨੂੰ ਭਾਂਪ ਲਿਆ ਸੀ।ਰਾਜੇਸ਼ ਸਿੰਘ ਚੌਹਾਨ ਨੇ ਦਾਅਵਾ ਕੀਤਾ ਹੈ ਕਿ ਉਹ ਕਿਸੇ ਵੀ ਸਿਆਸੀ ਪਾਰਟੀ ਨਾਲ ਨਹੀਂ ਜੁੜਨਗੇ, ਕਿਸਾਨ ਆਗੂ ਮਹਿੰਦਰ ਸਿੰਘ ਟਿਕੈਤ ਦੇ ਰਾਹ ਉੱਤੇ ਚੱਲਣਗੇ ਅਤੇ ਆਪਣੇ ਸਿਧਾਂਤਾਂ ਦੇ ਉਲਟ ਨਹੀਂ ਜਾਣਗੇ। ਇਹ ਵੇਖਣਾ ਹੋਵੇਗਾ ਕਿ ਭਾਰਤੀ ਕਿਸਾਨ ਯੂਨੀਅਨ ਖੁਦ ਨੂੰ ਸਿਆਸਤ ਤੋਂ ਕਿਵੇਂ ਵੱਖ ਰੱਖ ਕੇ ਕਿਸਾਨਾਂ ਦੀ ਆਵਾਜ਼ ਬਣਦੀ ਹੈ। ਕਿਸਾਨ ਅੰਦੋਲਨ ਦੇ ਸਮੇਂ ਸਰਕਾਰ ਅਤੇ ਕਿਸਾਨਾਂ ਦਰਮਿਆਨ ਜਿਨ੍ਹਾਂ ਨੁਕਤਿਆਂ ਬਾਰੇ ਸਮਝੌਤੇ ਹੋਏ ਸਨ, ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਜ਼ਿੰਮੇਵਾਰੀ ਵੀ ਨਵੇਂ ਸੰਗਠਨ ਦੇ ਮੋਢਿਆਂ ਉੱਤੇ ਹੋਵੇਗੀ।

# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਭਵਿੱਖ ਦੀਆਂ ਵੱਡੀਆਂ ਰਾਜਸੀ ਤਬਦੀਲੀਆਂ ਲਈ ਅਹੁਲਦਾ ਜਾਪਦਾ ਹੈ ਪੰਜਾਬ





ਜਤਿੰਦਰ ਪੰਨੂ

ਇਸ ਵਕਤ ਜਦੋਂ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਦੋ ਸਾਲਾਂ ਤੋਂ ਵੀ ਘੱਟ ਸਮਾ ਰਹਿ ਗਿਆ ਹੈ, ਸਾਡਾ ਪੰਜਾਬ ਅਸਲੋਂ ਨਵੇਂ ਸਿਆਸੀ ਹਾਲਾਤ ਵੱਲ ਵਧਣ ਦੀ ਝਲਕ ਦੇਂਦਾ ਜਾਪਦਾ ਹੈ। ਅਗਲੀਆਂ ਲੋਕ ਸਭਾ ਚੋਣਾਂ ਤੱਕ ਆਮ ਆਦਮੀ ਪਾਰਟੀ ਅੱਜ ਵਾਲੀ ਹੀ ਰਹੇਗੀ, ਜਾਂ ਇਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਹੋਵੇਗੀ, ਇਸ ਦੀ ਕੋਈ ਝਲਕ ਹਾਲ ਦੀ ਘੜੀ ਦਿਖਾਈ ਨਹੀਂ ਦੇ ਰਹੀ, ਪਰ ਹਾਲਾਤ ਕਦੋਂ ਕਿਹੜਾ ਵਹਿਣ ਲੱਭ ਲੈਣ, ਇਸ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ, ਜਦ ਕਿ ਬਾਕੀ ਸਾਰੀਆਂ ਮੁੱਖ ਸਿਆਸੀ ਧਿਰਾਂ ਵਿੱਚ ਹਾਲਾਤ ਰੰਗ ਵਟਾ ਰਹੇ ਹਨ। ਅਜੇ ਇਹ ਕਹਿਣ ਦਾ ਸਮਾਂ ਨਹੀਂ ਕਿ ਅਕਾਲੀ ਦਲ ਦੀ ਲੀਡਰਸ਼ਿਪ ਅੱਜ ਵਾਲੀ ਰਹੇਗੀ ਜਾਂ ਹੋਰ ਹੱਥਾਂ ਵਿੱਚ ਚਲੀ ਜਾਵੇਗੀ ਤੇ ਜਾਵੇਗੀ ਤਾਂ ਕਿਹੜੇ ਹੱਥਾਂ ਵਿੱਚ ਜਾਵੇਗੀ, ਪਰ ਕਾਂਗਰਸ ਤੇ ਭਾਜਪਾ ਬਾਰੇ ਬਹੁਤ ਕੁਝ ਮਹਿਸੂਸ ਕੀਤਾ ਜਾਣ ਲੱਗ ਪਿਆ ਹੈ। ਅਗਲੇ ਦੋ ਸਾਲਾਂ ਤੱਕ ਇਨ੍ਹਾਂ ਦੋਵਾਂ ਪਾਰਟੀਆਂ ਦੀ ਲੀਡਰਸ਼ਿਪ ਵਿੱਚ ਬਹੁਤ ਕੁਝ ਨਵਾਂ ਵੇਖਣ ਨੂੰ ਮਿਲ ਸਕਦਾ ਹੈ।

ਅਕਾਲੀ ਪਾਰਟੀ ਦਾ ਹਾਲ ਓਦਾਂ ਦਾ ਹੈ, ਜਿੱਦਾਂ ਦਾ ਕਾਮਰੇਡਾਂ ਦੇ ਰਾਜ ਵਾਲੇ ਰੂਸ ਵਿੱਚ ਹੁੰਦਾ ਸੀ। ਇੱਕ ਬਹੁਤ ਸੀਨੀਅਰ ਕਮਿਊਨਿਸਟ ਆਗੂ ਨੇ ਇੱਕ ਵਾਰ ਲਿਖਿਆ ਸੀ ਕਿ ਕਾਮਰੇਡ ਸਟਾਲਿਨ ਦੀ ਮੌਤ ਮਗਰੋਂ ਜਦੋਂ ਖਰੁਸ਼ਚੋਵ ਦੇ ਹੱਥ ਸਾਰੀ ਤਾਕਤ ਆਈ ਤਾਂ ਉਸ ਨੇ ਪਾਰਟੀ ਦੀ ਸੈਂਟਰਲ ਕਮੇਟੀ ਵਿੱਚ ਸਟਾਲਿਨ ਦੇ ਖਿਲਾਫ ਧੂੰਆਂਧਾਰ ਤਕਰੀਰ ਕਰ ਕੇ ਉਸ ਨੂੰ ਭੰਡਣ ਦੀ ਸਿਖਰ ਕਰ ਦਿੱਤੀ। ਭਾਸ਼ਣ ਦੌਰਾਨ ਕਿਸੇ ਨੇ ਉਸ ਨੂੰ ਇੱਕ ਚਿੱਟ ਭੇਜ ਦਿੱਤੀ ਕਿ ਅੱਜ ਤੂੰ ਉਸ ਦੇ ਖਿਲਾਫ ਬੋਲੀ ਜਾਂਦਾ ਹੈਂ, ਉਸ ਦੇ ਹੁੰਦਿਆਂ ਕਿਉਂ ਨਹੀਂ ਸੀ ਬੋਲਦਾ? ਉਸ ਨੇ ਚਿੱਟ ਪੜ੍ਹ ਕੇ ਸੁਣਾਈ ਤੇ ਉੱਚੀ ਆਵਾਜ਼ ਵਿੱਚ ਪੁੱਛਿਆ: ਆਹ ਚਿੱਟ ਕੀਹਨੇ ਭੇਜੀ ਹੈ? ਕੋਈ ਨਹੀਂ ਸੀ ਬੋਲਿਆ। ਉਸ ਨੇ ਕਿਹਾ ਕਿ ਜਿਸ ਬੰਦੇ ਨੇ ਚਿੱਟ ਭੇਜੀ ਹੈ, ਜਿਵੇਂ ਮੈਥੋਂ ਡਰਦਾ ਅੱਜ ਉਹ ਨਹੀਂ ਬੋਲ ਰਿਹਾ, ਸਟਾਲਿਨ ਦੇ ਜਿਉਂਦੇ ਜੀਅ ਮੈਂ ਵੀ ਉਸ ਅੱਗੇ ਬੋਲਦਾ ਨਹੀਂ ਸੀ ਹੁੰਦਾ, ਕਿਉਂਕਿ ਮੈਨੂੰ ਵੀ ਉਹੀ ਡਰ ਲੱਗਦਾ ਸੀ, ਜਿਹੜਾ ਅੱਜ ਤੁਹਾਨੂੰ ਲੱਗਦਾ ਹੈ। ਰੂਸ ਵਿੱਚ ਕਮਿਊਨਿਸਟ ਸਰਕਾਰ ਦਾ ਭੋਗ ਪਾਉਣ ਦੀ ਹਮਾਇਤ ਕਰਨ ਵਾਲੇ ਉਸ ਲੀਡਰ ਨੇ ਪਤਾ ਨਹੀਂ ਇਹ ਗੱਲ ਖੁਦ ਘੜ ਕੇ ਲਿਖੀ ਸੀ ਕਿ ਸੱਚ ਸੀ, ਪਰ ਅੱਜ ਦੀ ਅਕਾਲੀ ਪਾਰਟੀ ਵਿੱਚ ਵੀ ਬਹੁਤ ਸਾਰੇ ਆਗੂ ਆਸੇ-ਪਾਸੇ ਬੋਲ ਰਹੇ ਹੋਣ ਤਾਂ ਆਪਣੀ ਲੀਡਰਸ਼ਿਪ ਬਾਰੇ ਉਹ ਕੁਝ ਬੋਲੀ ਜਾਂਦੇ ਹਨ ਕਿ ਸੁਣਿਆ ਨਹੀਂ ਜਾਂਦਾ, ਪਰ ਜਦੋਂ ਜਨਤਕ ਤੌਰ ਉੱਤੇ ਬੋਲਣ ਤਾਂ ਓਸੇ ਲੀਡਰਸ਼ਿਪ ਦੇ ਨਾਂ ਨਾਲ ਏਨੇ ਸਤਿਕਾਰਤ ਅਲੰਕਾਰ ਜੋੜ ਕੇ ਬੋਲਦੇ ਹਨ ਕਿ ਉਸ ਨਾਲ ਦੀ ਲੀਡਰਸ਼ਿਪ ਹੀ ਕਿਸੇ ਕੋਲ ਨਹੀਂ ਹੋਣੀ। ਇਸ ਲਈ ਇਹ ਗੱਲ ਕਹਿਣੀ ਔਖੀ ਹੈ ਕਿ ਇਸ ਪਾਰਟੀ ਵਿੱਚ ਇਹ ਮਾਹੌਲ ਕਦੋਂ ਤੱਕ ਚੱਲੇਗਾ ਅਤੇ ਜਿਹੜੇ ਲੀਡਰ ਆਸੇ-ਪਾਸੇ ਬੋਲਦੇ ਹਨ, ਕਦੀ ਇਹੋ ਗੱਲਾਂ ਲੋਕਾਂ ਸਾਹ-ਮਣੇ ਕਹਿਣ ਜੋਗੇ ਹੋਣਗੇ ਕਿ ਨਹੀਂ, ਇਹ ਸਿਰਫ ਉਨ੍ਹਾਂ ਨੂੰ ਪਤਾ ਹੋਵੇਗਾ।


ਦੂਸਰੇ ਪਾਸੇ ਕਾਂਗਰਸ ਦੇ ਅੱਜ ਵਾਲੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਪਹਿਲਾਂ ਪਾਰਟੀ ਦੀ ਅਗਵਾਈ ਕਰ ਚੁੱਕੇ ਤਿੰਨੇ ਆਗੂ ਇਸ ਪਾਰਟੀ ਕੋਲ ਨਹੀਂ ਰਹਿ ਗਏ। ਜਿਹੜੇ ਨਵਜੋਤ ਸਿੰਘ ਸਿੱਧੂ ਤੋਂ ਪ੍ਰਧਾਨਗੀ ਛੁਡਾ ਕੇ ਰਾਜਾ ਵੜਿੰਗ ਨੂੰ ਦਿੱਤੀ ਸੀ, ਉਹ ਜੇਲ੍ਹ ਵਿੱਚ ਚਲਾ ਗਿਆ ਹੈ। ਨਵਜੋਤ ਸਿੰਘ ਸਿਧੂ ਨੂੰ ਪ੍ਰਧਾਨ ਬਣਾਉਣ ਲਈ ਸੁਨੀਲ ਜਾਖੜ ਨੂੰ ਪਾਸੇ ਧੱਕਿਆ ਗਿਆ, ਉਹ ਨਿੱਤ ਦਿਨ ਹੁੰਦੀ ਰਹਿੰਦੀ ਬੇਇੱਜ਼ਤੀ ਤੋਂ ਅੱਕ ਕੇ ਆਖਰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਿਆ ਹੈ।ਸੁਨੀਲ ਜਾਖੜ ਦੇ ਬਾਪ ਬਲਰਾਮ ਜਾਖੜ ਨੇ ਭਾਜਪਾ ਬਣਨ ਤੋਂ ਪਹਿਲਾਂ ਜਨ ਸੰਘ ਦੇ ਸਮਿਆਂ ਤੋਂ ਇਸ ਪਾਰਟੀ ਦਾ ਲਗਾਤਾਰ ਵਿਰੋਧ ਕੀਤਾ ਹੋਇਆ ਸੀ ਅਤੇ ਫਿਰ ਅੱਧੀ ਸਦੀ ਖੁਦ ਸੁਨੀਲ ਜਾਖੜ ਨੇ ਕੀਤਾ ਸੀ। ਆਖਰ ਉਹ ਉਸ ਪਾਰਟੀ ਵਿੱਚ ਜਾਣ ਨੂੰ ਮਜਬੂਰ ਹੋ ਗਿਆ। ਜਦੋਂ ਸੁਨੀਲ ਜਾਖੜ ਖੁਦ ਪ੍ਰਧਾਨ ਬਣਿਆ ਸੀ ਤਾਂ ਜਿਹੜੇ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਬਣਨ ਕਰ ਕੇ ਪੰਜਾਬ ਕਾਂਗਰਸ ਦੀ ਪ੍ਰਧਾਨੀ ਛੱਡੀ ਸੀ, ਉਹ ਵੱਖਰੀ ਪਾਰਟੀ ਬਣਾ ਕੇ ਉਸ ਦਾ ਲੀਡਰ ਬਣ ਚੁੱਕਾ ਹੈ ਅਤੇ ਕਾਂਗਰਸ ਅਸਲੋਂ ਨਵੇਂ ਆਗੂਆਂ ਦੇ ਹੱਥ ਵਿੱਚ ਹੈ। ਜਿਹੜੇ ਲੋਕ ਅੱਜ ਇਸ ਪਾਰਟੀ ਦੀ ਅਗਵਾਈ ਸੰਭਾਲ ਰਹੇ ਹਨ, ਉਹ ਸਾਰੇ ਵੀ ਆਪਸ ਵਿੱਚ ਮਿਲ ਕੇ ਚੱਲਣ ਜੋਗੇ ਨਹੀਂ ਅਤੇ ਰੋਜ਼ ਕਿਸੇ ਨਾ ਕਿਸੇ ਥਾਂ ਬੈਠਕਾਂ ਵਿੱਚ ਉਨ੍ਹਾਂ ਦੇ ਸਮੱਰਥਕਾਂ ਦੇ ਪੱਗੋ-ਹੱਥੀ ਹੋਣ ਦੀਆਂ ਖਬਰਾਂ ਆ ਰਹੀਆਂ ਹਨ। ਇਸ ਤੋਂਜਾਪਦਾ ਨਹੀਂ ਕਿ ਇਹ ਪਾਰਟੀ ਅਗਲੀਆਂ ਚੋਣਾਂ ਲਈ ਤਿਆਰੀ ਕਰਦੀ ਪਈ ਹੈ, ਸਗੋਂ ਇੰਜ ਜਾਪਦਾ ਹੈ ਕਿ ਪਾਰਟੀ ਅੰਦਰਲਾ ਆਪਸੀ ਰੱਫੜ ਅਜੇ ਹੋਰ ਚੰਦ ਚਾੜ੍ਹ ਸਕਦਾ ਹੈ ਤੇ ਹੋਰ ਦੋ ਸਾਲਾਂ ਨੂੰ ਲੋਕ ਸਭਾ ਚੋਣਾਂ ਤੱਕ ਇਹ ਹੋਰ ਦੀ ਹੋਰ ਰੰਗ ਵਿੱਚ ਦਿੱਸ ਸਕਦੀ ਹੈ। ਇਨ੍ਹਾਂ ਹਾਲਾਤ ਵਿੱਚ ਇਹ ਪਾਰਟੀ ਕਿੱਦਾਂ ਦੀ ਜਾਂ ਕਿੰਨੇ ਜੋਗੀ ਹੋਵੇਗੀ, ਹਾਲ ਦੀ ਘੜੀ ਕਹਿਣਾ ਔਖਾ ਹੈ।

ਸਭਨਾਂ ਤੋਂ ਤਿੱਖੀ ਤੋਰ ਭਾਜਪਾ ਦੀ ਕੇਂ ਦਰੀ ਕਮਾਂਡ ਚੱਲਦੀ ਜਾਪਦੀ ਹੈ। ਉਸ ਦੀਆਂ ਨੀਤੀਆਂ ਵਿੱਚ ਭਾਰਤੀ ਲੋਕਾਂ ਦੀ ਬਹੁ-ਗਿਣਤੀ ਦੀਆਂ ਭਾਵਨਾਵਾਂ ਦਾ ਲਾਭ ਲੈਣ ਦਾ ਕੇਂਦਰੀ ਨੁਕਤਾ ਤਾਂ ਮੌਜੂਦ ਹੈ, ਪਰਪਾਰਟੀ ਦਾ ਘੇਰਾ ਵੱਡਾ ਕਰਨ ਵਾਸਤੇ ਉਹ ਪੁਰਾਣੇ-ਪਰਖੇ ਲੀਡਰ ਮੂਹਰੇ ਲਾਈ ਜਾਣ ਦੀ ਨੀਤੀ ਨਾਲ ਬੱਝੀ ਨਹੀਂ ਰਹੀ। ਆਸਾਮ ਦਾ ਮੁੱਖ ਮੰਤਰੀ ਸਾਲ 2015 ਤੱਕ ਕਾਂਗਰਸ ਦਾ ਆਗੂ ਤੇ ਉਸ ਰਾਜ ਦਾ ਮੰਤਰੀ ਰਹਿ ਚੁੱਕਾ ਸੀ, ਅਗਲੇ ਸਾਲ ਓਥੇ ਬਣਨ ਵਾਲੀ ਭਾਜਪਾ ਦੀ ਪਹਿਲੀ ਸਰਕਾਰ ਦਾ ਮੰਤਰੀ ਬਣਿਆ ਅਤੇ ਪੰਜ ਸਾਲਾਂ ਪਿੱਛੋਂ ਭਾਜਪਾ ਵੱਲੋਂ ਮੁੱਖ ਮੰਤਰੀ ਬਣ ਗਿਆ ਸੀ। ਅਰੁਣਾਚਲ ਦਾ ਅਜੋਕਾ ਭਾਜਪਾ ਮੁੱਖ ਮੰਤਰੀ ਸਤੰਬਰ 2016 ਤੱਕ ਕਾਂਗਰਸੀ ਹੁੰਦਾ ਸੀ ਤੇ ਭਾਜਪਾ ਵਿੱਚ ਆਉਣ ਪਿੱਛੋਂਦਸੰਬਰ 2016 ਤੋਂ ਭਾਜਪਾ ਵੱਲੋਂ ਮੁੱਖ ਮੰਤਰੀ ਬਣਿਆ ਪਿਆ ਹੈ। ਕਰਨਾਟਕ ਦਾ ਅਜੋਕਾ ਭਾਜਪਾ ਮੁੱਖ ਮੰਤਰੀ ਜਨਤਾ ਦਲ ਤੋਂ ਆਇਆ ਸੀ ਤੇ ਕੁਝ ਸਮਾਂ ਮੰਤਰੀ ਰਹਿਣ ਦੇ ਬਾਅਦ ਅੱਜਕੱਲ੍ਹ ਪਾਰਟੀ ਦਾ ਮੁੱਖ ਮੰਤਰੀ ਹੈ। ਮਨੀਪੁਰ ਵਿੱਚ ਭਾਜਪਾ ਮੁੱਖ ਮੰਤਰੀ ਨਾਗਥੌਂਬਮ ਬੀਰੇਨ ਸਿੰਘ ਅਕਤੂਬਰ 2016 ਤੱਕ ਕਾਂਗਰਸ ਸਰਕਾਰ ਦਾ ਮੰਤਰੀ ਹੁੰਦਾ ਸੀ, ਭਾਜਪਾ ਵਿੱਚ ਜਾਣ ਤੋਂ ਪੰਜ ਮਹੀਨੇ ਬਾਅਦ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਪਿੱਛੋਂ ਭਾਜਪਾ ਨੇ ਮੁੱਖ ਮੰਤਰੀ ਬਣਾ ਦਿੱਤਾ। ਮੇਘਾਲਿਆ ਵਿੱਚ ਮੁੱਖ ਮੰਤਰੀ ਕੋਨਰਾਡ ਸੰਗਮਾ ਪੁਰਾਣੇ ਕਾਂਗਰਸ ਆਗੂ ਪੂਰਨੋ ਸੰਗਮਾ ਦਾ ਪੁੱਤਰ ਹੈ, ਜਿਸ ਨੇ ਸੋਨੀਆ ਗਾਂਧੀ ਦੀ ਲੀਡਰੀ ਵਿਰੁੱਧ ਰੋਸ ਵਜੋਂ ਕਾਂਗਰਸ ਛੱਡੀ ਸੀ। ਪੱਛਮੀ ਬੰਗਾਲ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਭਾਜਪਾ ਦਾ ਆਗੂ ਅਤੇ ਅਗਲੀ ਵਾਰਮੁੱਖ ਮੰਤਰੀ ਦਾ ਚਿਹਰਾ ਸੁਵੇਂਦੂ ਅਧਿਕਾਰੀ ਪਿਛਲੇ ਸਾਲ ਅਸੈਂਬਲੀ ਚੋਣਾਂ ਹੋਣ ਤੱਕ ਤ੍ਰਿਣਮੂਲ ਕਾਂਗਰਸ ਵਿੱਚ ਸੀ। ਸਾਫ ਹੈ ਕਿ ਭਾਜਪਾ ਨੂੰ ਕਿਸੇ ਵੀ ਨਵੇਂ ਆਏ ਲੀਡਰ ਦੇ ਰਾਜਸੀ ਪਿਛੋਕੜ ਨਾਲ ਕੋਈ ਮਤਲਬ ਨਹੀਂ ਰਿਹਾ।

ਪੰਜਾਬ ਵਿੱਚ ਭਾਜਪਾ ਅਗਲੀਆਂ ਲੋਕ ਸਭਾ ਚੋਣਾਂ ਤੱਕ ਪਾਰਟੀ ਦੀ ਮੌਜੂਦਾ ਲੀਡਰਸ਼ਿਪ ਨੂੰ ਲਾਂਭੇ ਕਰਨ ਤੇ ਉਸ ਦੀ ਥਾਂ ਧੜੱਲੇਦਾਰ ਲੀਡਰਸ਼ਿਪ ਖੜੀ ਕਰਨ ਲਈ ਚਿਰਾਂ ਤੋਂ ਕੋਸ਼ਿਸ਼ ਕਰਦੀ ਪਈ ਸੀ। ਸੁਨੀਲ ਜਾਖੜ ਦੇ ਰੂਪ ਵਿੱਚ ਉਸ ਕੋਲ ਇੱਕ ਆਗੂ ਆ ਗਿਆ ਹੈ, ਜਿਸ ਨੂੰ ਪੰਜਾਬ ਦੇ ਕਿਸੇ ਵੀ ਹੋਰ ਭਾਜਪਾ ਆਗੂ ਤੋਂ ਚੰਗੀ ਪੰਜਾਬੀ ਬੋਲਣੀ ਅਤੇ ਆਮ ਲੋਕਾਂ ਦੇ ਮੁੱਦਿਆਂ ਦੀ ਗੱਲ ਕਰਨ ਦੀ ਜਾਚ ਹੈ। ਇਹ ਪ੍ਰਭਾਵ ਅਸ਼ਵਨੀ ਸ਼ਰਮਾ, ਸ਼ਵੇਤ ਮਲਿਕ, ਮਦਨ ਮੋਹਨ ਮਿੱਤਲ ਤੇ ਮਨੋਰੰਜਨ ਕਾਲੀਆ ਵਰਗੇ ਸ਼ਹਿਰੀ ਖੇਤਰ ਤੋਂ ਆਏ ਆਗੂ ਨਹੀਂ ਸੀ ਬਣਾ ਸਕੇ। ਡੇਰਾ ਬਾਬਾ ਨਾਨਕ ਜਦੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਉਦਘਾਟਨ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਏ ਤਾਂ ਉਸ ਵੇਲੇ ਹੀ ਸੁਨੀਲ ਜਾਖੜ ਨੂੰ ਇਹ ਗੱਲ ਕਹਿ ਗਏ ਸਨ ਕਿ ਕਦੀ ਦਿੱਲੀ ਆਉਂਦੇ ਹੋ ਤਾਂ ਮਿਲ ਜਾਇਆ ਕਰੋ। ਕਾਂਗਰਸੀਆਂ ਨੂੰ ਜਿਹੜੀ ਸਮਝ ਨਹੀਂ ਸੀ ਪਈ, ਉਹ ਪੱਤਰਕਾਰੀ ਖੇਤਰ ਦੇ ਕਈ ਲੋਕਾਂ ਨੂੰ ਓਦੋਂ ਪੈ ਗਈ ਸੀ ਤੇ ਇੱਕ ਸੀਨੀਅਰ ਪੱਤਰਕਾਰ ਨੇ ਅਗਲੇ ਦਿਨ ਜਲੰਧਰ ਵਿੱਚ ਕਈ ਪੱਤਰਕਾਰਾਂ ਨਾਲ ਬੈਠਿਆਂ ਇਸ ਦੀ ਚਰਚਾ ਬੜੀ ਉਚੇਚ ਨਾਲ ਕੀਤੀ ਸੀ। ਹਾਲਾਤ ਸਮਝਣ ਵਿੱਚ ਕਾਂਗਰਸੀਆਂ ਦੀ ਗਲਤੀ ਆਪਣੀ ਥਾਂ, ਅਹੁਦਿਆਂ ਲਈ ਹਾਬੜ ਆਪਣੀ ਥਾਂ, ਅਸਲ ਗੱਲ ਇਹ ਹੈ ਕਿ ਭਾਜਪਾ ਪੰਜਾਬ ਦੀ ਰਾਜਨੀਤੀ ਨੂੰ ਭੁਆਂਟਣੀ ਦੇਣ ਲਈ ਲੰਮੇ ਸਮੇਂ ਤੋਂ ਕੰਮ ਕਰਦੀ ਆਈ ਹੈ। ਅੱਜ ਇਹ ਕਹਿਣ ਦੀ ਕਿਸੇ ਨੂੰ ਵੀ ਲੋੜ ਨਹੀਂ ਕਿ ਕਾਂਗਰਸ ਪਾਰਟੀ ਆਪਣੇ ਆਖਰੀ ਸਫਰ ਦੀਆਂ ਤਿਆਰੀਆਂ ਕਰਦੀ ਪਈ ਹੈ ਤੇ ਇਸ ਦੀ ਮੌਜੂਦਾ ਪ੍ਰਧਾਨ ਦੇ ਪੁੱਤਰ-ਮੋਹ ਨੇ ਇਸ ਪਾਰਟੀ ਨੂੰ ਕਾਸੇ ਜੋਗੀ ਛੱਡਣਾ ਹੀ ਨਹੀਂ, ਪਰ ਉਹਸਭ ਭੁਲਾ ਕੇ ਪੰਜਾਬ ਬਾਰੇ ਸੋਚੀਏ ਤਾਂ ਸਾਫ ਦਿੱਸਦਾ ਹੈ ਕਿ ਭਾਜਪਾ ਪਲੈਨ-2024 ਲਈ ਆਪਣੀ ਸਿਆਸੀ ਖੇਡ ਦੇ ਮੋਹਰੇ ਵਿਛਾ ਚੁੱਕੀ ਹੈ ਅਤੇ ਉਹ ਸੁਨੀਲ ਜਾਖੜ ਨੂੰ ਅੱਜ ਅੱਗੇ ਲਾਉਣ ਜਾਂ ਚਾਰ ਦਿਨ ਠਹਿਰ ਕੇ, ਅਗਲੀ ਚੋਣ ਤੱਕ ਇਸ ਪਾਰਟੀ ਦੀ ਅਗਵਾਈ ਉਸ ਆਗੂ ਦੇ ਹੱਥ ਦਿੱਤੀ ਜਾਣ ਵਾਲੀ ਹੈ, ਜਿਹੜਾ ਪਹਿਲਾਂ ਕਾਂਗਰਸ ਦੀ ਅਗਵਾਈ ਏਸੇ ਪੰਜਾਬ ਰਾਜ ਵਿੱਚ ਬਾਖੂਬੀ ਕਰ ਚੁੱਕਾ ਹੈ।

ਅਗਲੀਆਂ ਲੋਕ ਸਭਾ ਚੋਣਾਂ ਵਿੱਚ ਮਸਾਂ ਦੋ ਸਾਲ ਬਾਕੀ ਰਹਿੰਦੇ ਤੋਂ ਜਿਹੜੇ ਹਾਲਾਤ ਬਣਦੇ ਜਾਪਦੇ ਹਨ ਤੇ ਜਿੱਦਾਂ ਦੇ ਸਿਆਸੀ ਸੰਕੇਤ ਸਾਫ ਦਿੱਸਣ ਲੱਗੇ ਹਨ, ਉਸ ਬਾਰੇ ਪੰਜਾਬ ਦੀ ਇੱਕ ਵੀ ਰਾਜਸੀ ਪਾਰਟੀ ਦੇ ਲੀਡਰਾਂ ਨੂੰ ਪਤਾ ਹੋਵੇ, ਇਸ ਬਾਰੇ ਕੋਈ ਨਹੀਂ ਜਾਣਦਾ। ਅਗਲੀ ਵਾਰੀ ਦੀਆਂ ਚੋਣਾਂ ਦੌਰਾਨ ਪੰਜਾਬ ਵਿੱਚ ਵੱਡੀ ਰਾਜਸੀ ਤਬਦੀਲੀ ਲਈ ਜਿਹੜਾ ਮੈਦਾਨ ਤਿਆਰ ਹੁੰਦਾ ਪਿਆ ਹੈ, ਉਸ ਦੇ ਸਿੱਟਿਆਂ ਬਾਰੇ ਹਾਲ ਦੀ ਘੜੀ ਅਸੀਂ ਕੁਝ ਨਹੀਂ ਕਹਿ ਰਹੇ।

# ਹਵਾ ਪ੍ਰਦੂਸ਼ਣ ਬਨਾਮ ਭਵਿੱਖ



ਧਰਤੀ ਦੇ ਰਚਣਹਾਰੇ ਨੇ ਕਿੰਨੀ ਸੋਹਣੀ ਰਚਨਾ ਕੀਤੀ ਹੈ, ਕਿੰਨੇ ਸੋਹਣੇ ਪਹਾੜ, ਦਰੱਖਤ,ਝਿਲਮਿਲ ਕਰਦੇ ਪਾਣੀ ਦੇ ਝਰਨੇ, ਨਦੀਆਂ,ਦਰਿਆ , ਨੀਲੇ ਸਮੁੰਦਰ,ਹਜ਼ਾਰਾਂ ਕਿਸਮ ਦੇ ਜਲ ਤੇ ਥਲ ਉੱਤੇ ਰਹਿਣ ਵਾਲੇ ਜੀਵ ਜੰਤੂ , ਚਿਹਚਕਾਉਂਦੀਆ ਕਈ ਤਰ੍ਹਾਂ ਦੀਆਂ ਚਿੜੀਆਂ, ਦਿਲ ਟੁੰਬਵੀਂ ਅਵਾਜ਼ ਵਾਲੇ ਪੰਛੀ , ਪਤਾ ਨਹੀਂ ਕਿੰਨੀ ਤਰ੍ਹਾਂ ਦੇ ਫਲ ਤੇ ਰੰਗ ਬਿਰੰਗੇ ਫੁੱਲ ਜੋ ਚਾਰ ਚੁਫ਼ੇਰੇ ਮਹਿਕਾਂ ਬਿਖੇਰਦੇ ਹਨ । ਚੰਦ ਸੂਰਜ ਦੇ ਰੂਪ ਵਿੱਚ ਰੌਸ਼ਨੀ ਦੇ ਦੋ ਦੀਵੇ , ਕਿਤੇ ਬਰਫ਼ ਨਾਲ ਲੱਧੇ ਪਹਾੜ ਤੇ ਕਿਤੇ ਸੜਦੀ ਰੇਤਾ ਵਾਲਾ ਰੇਗਿਸਤਾਨ। ਇੱਕ ਅਜਿਹੀ ਰਚਨਾ ਜਿਸ ਦਾ ਕੋਈ ਅੰਤ ਨਹੀਂ ਪਾ ਸਕਦਾ। ਮਨੁੱਖ ਨੂੰ ਇਸ ਧਰਤੀ ਦਾ ਸਰਵਸ਼੍ਰੇਸ਼ੂ ਜੀਵ ਮੰਨਿਆ ਜਾਂਦਾ ਹੈ , ਕਿਉਂ ਇਸ ਵਿੱਚ ਚੀਜ਼ਾਂ ਨੂੰ ਸਮਝਣ, ਵਰਤਣ ਦੀ ਪਰਖ ਹੋਰਨਾਂ ਜੀਵਾਂ ਨਾਲੋਂ ਜਿਆਦਾ ਹੈ। ਕਾਦਰ ਦੀ ਕੁਦਰਤ ਦੇ ਅਨੋਖੇ ਝਲਕਾਰਿਆ ਨੂੰ ਮਾਨਣਾ ਮਨੁੱਖ ਦੀ ਕੁਦਰਤ ਨਾਲ ਨੇੜਤਾ ਨੂੰ ਵਧਾਉਂਦਾ ਹੈ। ਕੁਦਰਤ, ਵਾਤਾਵਰਣ ਸਾਡੇ ਜੀਵਨ ਦਾ ਸਭ ਤੋਂ ਮਹੱਤਵਪੂਰਣ ਅੰਗ ਹਨ। ਅੱਜ ਮਨੁੱਖ ਨੇ ਏਨੀ ਤਰੱਕੀ ਕਰ ਲਈ ਹੈ ਕਿ ਮਨੁੱਖ ਧਰਤੀ ਤੋਂ ਇਲਾਵਾ ਹੋਰਨਾਂ ਗ੍ਰਹਿਾਂ ਤੇ ਵੀ ਜੀਵਨ ਨੂੰ ਸੰਭਵ ਬਣਾਉਣ ਵਿੱਚ ਜੁਟਿਆ ਹੈ। ਪਰ ਇਸ ਤਰੱਕੀ ਦੇ ਰਾਹ ਤੇ ਚੱਲਦਿਆਂ ਮਨੁੱਖ ਨੇ ਪਤਾ ਨਹੀਂ ਕਿੰਨੇ ਜੀਵਨਾਂ ਨੂੰ ਜੋਖਮ ਵਿੱਚ ਧਕੇਲ ਦਿੱਤਾ ਹੈ, ਮਨੁੱਖ ਦੀ ਤਰੱਕੀ ਦਾ ਰਾਹ ਕੁਦਰਤ ਦੀ ਨਿਖੇਧੀ ਦੇ ਰਸਤੇ ਵਿੱਚੋਂ ਹੋਕੇ ਗੁਜ਼-ਰਆ ਹੈ। ਪਿਛਲੇ ਕੁਝ ਸਮੇਂ ਤੋਂ ਵਾਤਾਵਰਣ ਵਿੱਚ ਅਜਿਹੀਆਂ ਤਬਦੀਲੀਆਂ ਆਈਆਂ ਕਿ ਮਨੁੱਖੀ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਜਿਸ ਦੀ ਸਭ ਤੋਂ ਵੱਡੀ ਉਦਹਾਰਣ ਹਵਾ, ਪਾਣੀ, ਮਿੱਟੀ ਪ੍ਰਦੂਸ਼ਣ ਕਰਕੇ ਵਧੀਆਂ ਲਾਇਲਾਜ਼ ਬਿਮਾਰੀਆਂ ਹਨ। ਜਦੋਂ ਅਸੀਂ ਕਿਸੇ ਆਪਣੇ ਕਿਸੇ ਨਜ਼ਦੀਕੀ ਦੀ ਬਿਮਾਰੀ ਜਾਂ ਮੌਤ ਬਾਰੇ ਸੁਣਦੇ ਹਾਂ ਤਾਂ ਅਸੀਂ ਬਹੁਤ ਭਾਵੁਕਤਾ ਨਾਲ ਭਰ ਜਾਂਦੇ ਹਾਂ ਪਰ ਜਦੋਂ ਹਜ਼ਾਰਾਂ ਲੋਕੀਂ ਵਾਤਾਵਰਣ ਪ੍ਰਦੂਸ਼ਣ ਨਾਲ ਬਿਮਾਰ ਤੇ ਅਪਾਹਿਜ ਹੁੰਦੇ ਹਨ ਤਾਂ ਸਾਡੇ ਮੱਥੇ ਤੇ ਸ਼ਿਕਨ ਘੱਟ ਹੀ ਵੇਖਣ ਨੂੰ ਮਿਲਦੀ ਹੈ। ਅਸੀਂ ਵਾਤਾਵਰਣ ਦੀ ਸਾਂਭ ਸੰਭਾਲ ਪ੍ਰਤੀ ਬਿਲਕੁਲ ਵੀ ਜਾਗਰੂਕ ਨਹੀਂ ਹਾਂ।

ਭਾਵੇਂ ਪ੍ਰਦੂਸ਼ਣ ਦੀ ਹਰ ਕਿਸਮ ਹਾਨੀਕਾਰਕ ਹੈ ਪਰ ਹਵਾ ਪ੍ਰਦੂਸ਼ਣ ਅੱਜ ਸਭ ਤੋਂ ਘਾਤਕ ਰੂਪ ਅਖ਼ਤਿਆਰ ਕਰ ਚੁੱਕਾ ਹੈ। ਵਿਸ਼ਵ ਸਿਹਤ ਸੰਗਠਨ ਦੁਆਰਾ ਕੀਤੇ ਗਏ ਸਰਵੇਖਣਾਂ ਅਤੇ ਨੈਸ਼ਨਲ ਅਕੈਡਮੀ ਆਫ਼ ਸਾਈਸਿਜ਼' ਵਿੱਚ ਪ੍ਰਕਾਸ਼ਿਤ ਅਧਿਐਨ ਮੁਤਾਬਕ "ਸਾਡੇ ਕੋਲ ਇਸ ਗੱਲ ਦਾ ਸਬੂਤ ਹੈ ਕਿ ਮੌਖਿਕ ਟੈਸਟਾਂ 'ਤੇ ਹਵਾ ਦੇ ਪ੍ਰਦੂਸ਼ਣ ਦਾ ਅਸਰ ਉਮਰ ਵੱਧਣ 'ਤੇ ਵਧੇਰੇ ਹੁੰਦਾ ਹੈ, ਖਾਸ ਤੌਰ 'ਤੇ ਮਰਦਾਂ ਅਤੇ ਘੱਟ ਪੜ੍ਹੇ ਲਿਖੇ ਲੋਕਾਂ 'ਉੱਪਰ" । ਅਧਿਐਨ ਮੁਤਾਬਕ ਪ੍ਰਦੂਸ਼ਣ ਅਲਜ਼ਾਈਮਰ ਅਤੇ ਡਿਮੇਨਸ਼ੀਆ ਵਰਗੀਆਂ ਬੀਮਾਰੀਆਂ ਦੇ ਖਤਰੇ ਨੂੰ ਵਧਾਉਂਦਾ ਹੈ। ਇਸ ਤੋਂ ਇਲਾਵਾ 2010-2014 ਵਿੱਚ ਲੜਕੇ ਅਤੇ ਲੜਕੀਆਂ ਉੱਪਰ ਕੀਤੇ ਇੱਕ ਸਰਵੇਖਣ ਤੋਂ ਪਤਾ ਲੱਗਾ ਕਿ ਪ੍ਰਦੂਸ਼ਣ ਦਾ ਵਿਦਿਆਰਥੀਆਂ ਦੀ ਸੋਚਣ-ਸਮਝਣ ਦੀ ਸ਼ਕਤੀ 'ਤੇ ਮਾੜਾ ਅਸਰ ਪੈਂਦਾ ਹੈ। ਹਵਾ ਪ੍ਰਦੂਸ਼ਣ ਕਾਰਨ ਹਰ ਸਾਲ 7 ਮਿਲੀਅਨ ਲੋਕਾਂ ਦੀ ਮੌਤ ਹੁੰਦੀ ਹੈ। ਦੁਨੀਆ ਭਰ ਵਿੱਚ 2016 ਵਿੱਚ ਹਵਾ ਪ੍ਰਦੂਸ਼ਣ ਕਾਰਨ 4.2 ਮਿਲੀਅਨ ਮੌਤਾਂ ਹੋਈਆਂ। 91% ਦੁਨੀਆ ਦੀ ਆਬਾਦੀ ਅਜਿਹੇ ਵਾਤਾਵਰਨ ਵਿੱਚ ਰਹਿੰਦੀ ਹੈ ਜਿੱਥੇ ਹਵਾ ਦੀ ਗੁਣਵੱਤਾ ਵਿਸ਼ਵ ਸਿਹਤ ਸੰਗਠਨ ਦੇ ਤੈਅ ਮਾਪਦੰਡਾਂ ਤੋਂ ਵੱਧ ਹਨ। ਜੇਕਰ ਗੱਲ ਭਾਰਤ ਦੀ ਕੀਤੀ ਜਾਵੇ ਤਾਂ ਭਾਰਤ ਦੇ 14 ਸ਼ਹਿਰ ਦੁਨੀਆ ਦੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਹਨ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ

ਦੁਨੀਆ ਵਿੱਚ 10 ਵਿੱਚੋਂ 9 ਲੋਕ ਪ੍ਰਦੂਸ਼ਣ ਵਾਲੀ ਹਵਾ ਵਿੱਚ ਸਾਹ ਲੈਂਦੇ ਹਨ। ਇਹਨਾਂ ਕੁਝ ਸਰਵੇਖਣਾਂ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਹਵਾ ਪ੍ਰਦੂਸ਼ਣ ਨੂੰ ਤਬਦੀਲੀਯੋਗ ਖ਼ਤਰੇ ਵਜੋਂ ਦੇਖਿਆ ਜਾ ਸਕਦਾ ਹੈ।

ਜੇਕਰ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਤੋਂ ਅਗਵਾਈ ਲਈਏ ਤਾਂ ਗੁਰਬਾਣੀ ਨੇ ਬਨਸਪਤੀ ਦੀ ਸਾਂਭ ਸੰਭਾਲ ਦੀ ਖਾਸ ਤਾਕੀਦ ਕੀਤੀ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਜਿਆਦਾ ਬਾਣੀ ਵਿੱਚ ਕੁਦਰਤ, ਬਨਸਪਤੀ ਦਾ ਜ਼ਕਿਰ ਹੋਇਆ ਹੈ। ਗੁਰੂ ਸਾਹਿਬ ਨੇ ਹਵਾ, ਪਾਣੀ,ਧਰਤ ਨੂੰ ਗੁਰੂ, ਪਿਤਾ, ਮਾਤਾ ਖਾਸ ਰੁਤਬਿਆਂ ਨਾਲ ਨਿਵਾਜ਼ਿਆ ਹੈ । ਪਰ ਮਨੁੱਖ ਹੈ ਕਿ ਆਪਣੀ ਜ਼ਿੰਮੇਵਾਰੀ ਤੋਂ ਅਵੇਸਲਾ ਹੋਇਆ ਅੰਨ੍ਹੇਵਾਹ ਕੁਦਰਤ ਦਾ ਘਾਣ ਕਰ ਰਿਹਾ ਹੈ। ਸਾਡੀਆਂ ਕੁਦਰਤ ਦੀ ਸਾਂਭ ਸੰਭਾਲ ਨੂੰ ਲੈਕੇ ਇਹ ਅਣਗਹਿਲੀਆਂ ਸਾਡਾ ਅਤੇ ਆਉਣ ਵਾਲੀਆਂ ਹੋਰ ਪੀੜੀਆਂ ਦੇ ਜੀਵਨ ਨੂੰ ਵਿਨਾਸ਼ ਵੱਲ ਧਕੇਲ ਦੇਣਗੀਆਂ। ਅੱਜ ਅਸੀਂ ਪੱਥਰਾਂ ਦੇ ਘਰਾਂ , ਸ਼ਹਿਰਾਂ ਦੇ ਵਸਨੀਕ ਬਣ ਬਣਾਉਟੀ ਫੁੱਲਾਂ, ਗੁਲਦਸਤਿਆਂ ਵਿਚੋਂ ਮਹਿਕਾਂ ਲੱਭਣ ਵਿੱਚ ਜੁੱਟੇ ਹੋਏ ਹਾਂ ਅਤੇ ਕੁਦਰਤ ਦੀ ਅਹਿਮੀਅਤ ਨੂੰ ਅੱਖੋਂ ਪਰੋਖਾ ਕਰ ਰਹੇ ਹਾਂ।

ਅੱਜ ਹਵਾ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਕਾਰਣ ਬਣੇ ਡੀਜਲ ਤੋਂ ਚੱਲਦੇ ਵਾਹਨ, ਫੈਕਟਰੀਆਂ ਵਿਚੋਂ ਨਿਕਲਦਾ ਦੂਸ਼ਿਤ ਧੂੰਆਂ, ਫਸਲਾਂ ਦੀ ਰਹਿਦ ਖੂੰਹਦ ਨੂੰ ਲੱਗਦੀਆਂ ਅੱਗਾਂ ਤੇ ਅੰਨ੍ਹੇਵਾਹ ਹੋ ਰਹੀ ਰੁੱਖਾਂ ਦੀ ਕਟਾਈ ਹੈ। ਇੱਕ ਛੋਟਾ ਜਿਹਾ ਪੌਦਾ ਰੁੱਖ ਬਣਨ ਵਿੱਚ ਕਿੰਨੇ ਵਰ੍ਹੇ ਲੈਂਦਾ ਹੈ, ਪਰ ਸਾਡੀ ਅਖੌਤੀ ਤਰੱਕੀ ਦੇ ਨਾਮ ਤੇ ਲੋੜ ਪੈਣ ਤੇ ਕਿਸੇ ਨਵੀਂ ਇਮਾਰਤ ਨੂੰ ਬਣਾਉਣ ਲਈ ਜੇ. ਸੀ. ਬੀ ਦੇ ਜਬਾੜੇ ਵਿੱਚ ਰੁੱਖ ਨੂੰ ਪਾ ਦੁੱਧ ਚ ਪਈ ਮੱਖੀ ਵਾਂਗ ਪੁੱਟ ਕੇ ਸੁੱਟ ਦਿੱਤਾ ਜਾਂਦਾ ਹੈ।

ਹਾਲੇ ਵੀ ਸਮਾਂ ਹੈ, ਸਮੇਂ ਦੀ ਨਜ਼ਾਕਤ ਨੂੰ ਸਮਝੀਏ ਅਤੇ ਕੁਦਰਤੀ ਸਾਧਨਾਂ ਦੀ ਵਰਤੋਂ ਪ੍ਰਤੀ ਸੁਚੇਤ ਹੋਈਏ। ਹਵਾ, ਪਾਣੀ ਤੇ ਧਰਤ ਨੂੰ ਬਚਾ ਲਈਏ। ਸੁਗੰਧਾਂ ਭਰੀ ਠੰਡੀ ਹਵਾ, ਅੰਮ੍ਰਿ ਵਰਗਾ ਪਾਣੀ ਸਾਨੂੰ ਕੁਦਰਤ ਨੇ ਮੁਫ਼ਤ ਦਿੱਤਾ ਹੈ, ਇਸਦੀ ਕਦਰ ਕਰੀਏ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਸਾਡੀਆਂ ਆਉਣ ਵਾਲੀਆਂ ਪੀੜੀਆਂ ਲਈ ਦੂਸ਼ਿਤ ਹਵਾ ਵਿੱਚ ਸਾਹ ਲੈਣਾ ਮੁਸ਼ਕਲ ਹੋ ਜਾਵੇਗਾ ਅਤੇ ਉਹਨਾਂ ਦਾ ਜੀਵਨ ਦੁੱਭਰ ਹੋ ਜਾਵੇਗਾ ।ਕੁਝ ਜਿਆਦਾ ਨਹੀਂ ਤਾਂ ਹਰ ਘਰ ਵਿੱਚ ਜਿੰਨੇ ਪਰਿਵਾਰ ਦੇ ਮੈਂਬਰ ਹਨ , ਆਪਣੇ ਸਾਹ ਲੈਣ ਲਈ ਆਪਣੇ ਹਿੱਸੇ ਦਾ ਇੱਕ ਇੱਕ ਰੁੱਖ ਜਰੂਰ ਲਾਉਣ, ਕਿਉਂਕਿ ਰੁੱਖ ਹਵਾ ਨੂੰ ਸਾਫ਼ ਤੇ ਸ਼ੁੱਧ ਕਰਨ ਵਿੱਚ ਸਭ ਤੋਂ ਵੱਡੀ ਭੂਮਿਕਾ ਨਿਭਾਉਂਦੇ ਹਨ। ਬਨਸਪਤੀ ਨਾਲ ਪਿਆਰ ਤੇ ਇਸਦੀ ਸਾਂਭ ਸੰਭਾਲ ਹੀ ਸਾਡੇ ਕੋਲ ਇੱਕ ਮਾਤਰ ਰਸਤਾ ਹੈ ਜਿਸ ਨਾਲ ਅਸੀਂ ਆਉਣ ਵਾਲੀਆਂ ਪੀੜੀਆਂ ਦਾ ਜੀਵਨ ਬਚਾ ਸਕਦੇ ਹਾਂ।

*-ਹਰਕੀਰਤ ਕੌਰ*

*9779118066*

# ਬਾਰ੍ਹਵੀਂ ਜਮਾਤ ਤੋਂ ਬਾਅਦ ਕਰੀਅਰ ਦੇ ਵਿਕਲਪ

ਇੰਜਨੀਅਰਿੰਗ, ਮੈਡੀਕਲ, ਚਾਰਟਰਡ ਅਕਾਊਂਟੈਂਟ ਸਭ ਕੁਝ ਨਹੀਂ ਹੈ ਪਰ 12ਵੀਂ ਤੋਂ ਬਾਅਦ ਕਈ ਹੋਰ ਕਰੀਅਰ ਵਿਕਲਪ ਉਪਲਬਧ ਹਨ ਜਿਨ੍ਹਾਂ ਨੂੰ ਖੋਜਣ ਦੀ ਲੋੜ ਹੈ।

ਬਹੁਤ ਸਾਰੇ ਵਿਦਿਆਰਥੀ ਆਪਣੇ ਮਾਪਿਆਂ ਜਾਂ ਬਜ਼ੁਰਗਾਂ ਦੀ ਸਲਾਹ ਦੇ ਆਧਾਰ 'ਤੇ ਆਪਣਾ ਕਰੀਅਰ ਚੁਣਦੇ ਹਨ।

ਆਪਣੇ ਹੁਨਰ, ਰੁਚੀਆਂ ਅਤੇ ਯੋਗਤਾਵਾਂ ਦੇ ਅਨੁਸਾਰ 12ਵੀਂ ਜਮਾਤ ਤੋਂ ਬਾਅਦ ਆਪਣਾ ਅਕਾਦਮਿਕ ਕਰੀਅਰ ਚੁਣਨਾ ਮਹੱਤਵਪੂਰਨ ਹੈ।

12ਵੀਂ ਜਮਾਤ ਤੋਂ ਬਾਅਦ ਤੁਸੀਂ ਕੀ ਪੜ੍ਹ ਸਕਦੇ ਹੋ? ਇਹ ਸਭ ਤੋਂ ਉਲਝਣ ਵਾਲਾ ਪੜਾਅ ਹੈ ਜਿਸ ਦਾ ਸਾਹਮਣਾ ਵਿਦਿਆਰਥੀ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਪਾਸ ਕਰਨ ਤੋਂ ਬਾਅਦ ਕਰਦੇ ਹਨ ਜਿੱਥੇ ਉਨ੍ਹਾਂ ਨੂੰ ਤਿੰਨ ਸਟ੍ਰੀਮਾਂ (ਸਾਇੰਸ/ਕਾਮਰਸ/ਆਰਟਸ) ਵਿੱਚੋਂ ਚੋਣ ਕਰਨੀ ਪੈਂਦੀ ਹੈ। ਇਸ ਸਥਿਤੀ ਵਿੱਚ, ਬਹੁਤ ਸਾਰੇ ਵਿਦਿਆਰਥੀ ਆਪਣੇ ਮਾਪਿਆਂ ਜਾਂ ਬਜ਼ੁਰਗਾਂ ਦੀ ਸਲਾਹ ਦੇ ਅਧਾਰ ਤੇ ਆਪਣਾ ਕਰੀਅਰ ਚੁਣਦੇ ਹਨ।

ਇੰਜਨੀਅਰਿੰਗ, ਮੈਡੀਕਲ ਅਤੇ ਚਾਰਟਰਡ ਅਕਾਊਂਟੈਂਟ ਕੈਰੀਅਰ ਸਭ ਕੁਝ ਨਹੀਂ ਹੈ -- 12ਵੀਂ ਤੋਂ ਬਾਅਦ ਬਹੁਤ ਸਾਰੇ ਹੋਰ ਕੈਰੀਅਰ ਵਿਕਲਪ ਉਪਲਬਧ ਹਨ ਜਿਨ੍ਹਾਂ ਨੂੰ ਖੋਜਣ ਦੀ ਲੋੜ ਹੈ ਭਾਵੇਂ ਕਿ 93% ਵਿਦਿਆਰਥੀ ਸਿਰਫ਼ ਸੱਤ ਕੈਰੀਅਰ ਵਿਕਲਪਾਂ ਬਾਰੇ ਜਾਣਦੇ ਹਨ।

ਹੋਰ ਖੇਤਰ ਨਾ ਸਿਰਫ਼ ਚੰਗੇ ਮੌਕੇ ਪ੍ਰਦਾਨ ਕਰਦੇ ਹਨ ਬਲਕਿ ਸਾਰੇ ਦੂਜਿਆਂ ਤੋਂ ਵੱਖਰੇ ਹੁੰਦੇ ਹਨ ਅਤੇ ਸਾਥੀਆਂ ਤੋਂ ਘੱਟ ਮੁਕਾਬਲਾ ਦੇਖ ਸਕਦੇ ਹਨ।

1. ਫੈਸ਼ਨ ਡਿਜ਼ਾਈਨਿੰਗ:

ਫੈਸ਼ਨ ਡਿਜ਼ਾਈਨਿੰਗ ਨੂੰ ਇੱਕ ਵਿ-ਦਅਕ ਸਟਰੀਮ ਵਿੱਚ ਸਭ ਤੋਂ ਵੱਧ ਰਚਨਾਤਮਕ ਕੋਰਸ ਵਿਕਲਪਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਨਾ ਸਿਰਫ਼ ਭਾਰਤ ਵਿੱਚ ਸਗੋਂ ਵਿਦੇਸ਼ਾਂ ਵਿੱਚ ਵੀ।

ਚਾਹਵਾਨ ਅੰਡਰ ਗ੍ਰੈਜੂਏਟ ਜਾਂ ਪੋਸਟ ਗ੍ਰੈਜੂਏਟ ਪੱਧਰ 'ਤੇ ਵੀ ਫੈਸ਼ਨ ਡਿਜ਼ਾਈਨਿੰਗ ਦਾ ਪਿੱਛਾ ਕਰ ਸਕਦੇ ਹਨ। ਇਸ ਤੋਂ ਇਲਾਵਾ, ਚਾਹਵਾਨ ਫੈਸ਼ਨ ਡਿਜ਼ਾਈਨ ਦੇ ਖੇਤਰ ਵਿੱਚ ਥੋੜ੍ਹੇ ਸਮੇਂ ਲਈ ਡਿਪਲੋਮਾ ਜਾਂ ਸਰਟੀਫਿਕੇਟ ਪ੍ਰੋਗਰਾਮ ਵੀ ਕਰ ਸਕਦੇ ਹਨ।

ਇੱਕ ਫੈਸ਼ਨ ਡਿਜ਼ਾਈਨਰ ਵਜੋਂ ਆਪਣਾ ਕਰੀਅਰ ਬਣਾਉਣ ਲਈ, ਇੱਕ ਕਲਾਤਮਕ ਅਤੇ ਸਿਰ-ਜਣਾਤਮਕ ਸ਼ਖਸੀਅਤ ਹੋਣੀ ਚਾਹੀਦੀ ਹੈ ਅਤੇ ਉਸ ਕੋਲ ਵਧੀਆ ਡਰਾਇੰਗ ਹੁਨਰ ਹੋਣਾ ਚਾਹੀਦਾ ਹੈ।

ਚਾਹਵਾਨ ਜਿਨ੍ਹਾਂ ਨੇ ਆਪਣੀ 12ਵੀਂ ਜਮਾਤ ਦੀ ਪੜ੍ਹਾਈ ਕਿਸੇ ਵੀ ਸਟਰੀਮ ਤੋਂ ਪਾਸ ਕੀਤੀ ਹੈ, ਉਹ ਫੈਸ਼ਨ ਡਿਜ਼ਾਈਨਿੰਗ ਕੋਰਸ ਕਰ ਸਕਦੇ ਹਨ।

2. ਨੈਸ਼ਨਲ ਡਿਫੈਂਸ ਅਕੈਡਮੀ:

ਸਾਡੇ ਦੇਸ਼ ਵਿੱਚ ਸਭ ਤੋਂ ਮਸ਼ਹੂਰ ਪ੍ਰਵੇਸ਼ ਪ੍ਰੀਖਿਆਵਾਂ ਵਿੱਚੋਂ ਇੱਕ ਦਾ ਆਯੋਜਨ ਕਰਦਾ ਹੈ, ਜੋ ਕਿ ਆਰਮੀ, ਨੇਵੀ, ਏਅਰ ਫੋਰਸ ਵਿੰਗ, ਅਤੇ ਇੰਡੀਅਨ ਨੇਵਲ ਅਕੈਡਮੀ ਕੋਰਸ ਵਿੱਚ ਦਾਖਲੇ ਲਈ ਕਰਵਾਈ ਜਾਂਦੀ ਹੈ।

ਪ੍ਰੀਖਿਆ ਸਾਲ ਵਿੱਚ ਦੋ ਵਾਰ ਦੋ ਪੜਾਵਾਂ ਵਿੱਚ ਕਰਵਾਈ ਜਾਂਦੀ ਹੈ: ਇੱਕ ਲਿਖਤੀ ਪ੍ਰੀਖਿਆ ਅਤੇ ਇੰਟਰਵਿਊ। ਲਗਪਗ ਲੱਖਾਂ ਵਿਦਿਆਰਥੀ ਦਾਖਲਾ ਪ੍ਰੀਖਿਆ ਲਈ ਬੈਠਦੇ ਹਨ, ਜਿਨ੍ਹਾਂ ਵਿੱਚੋਂ ਸਿਰਫ਼ 600 ਵਿਦਿਆਰਥੀਆਂ ਨੂੰ ਇੰਟੈਲੀਜੈਂਸ ਅਤੇ ਪਰਸਨੈਲਿਟੀ ਟੈਸਟ ਲਈ ਇੰਟਰਵਿਊ ਲਈ ਬੁਲਾਇਆ ਜਾਂਦਾ ਹੈ।

ਜਿਹੜੇ ਵਿਦਿਆਰਥੀ 12ਵੀਂ ਜਮਾਤ ਪਾਸ ਕਰ ਚੁੱਕੇ ਹਨ ਜਾਂ ਪਾਸ ਹੋਏ ਹਨ, ਉਹ ਵੀ ਫਿਜ਼ਿਕਸ, ਕੈਮਿਸਟਰੀ ਅਤੇ ਗਣਿਤ ਦੇ ਵਿਸ਼ਿਆਂ ਨਾਲ ਅਪਲਾਈ ਕਰ ਸਕਦੇ ਹਨ।

ਕੋਰਸ ਦੀ ਸ਼ੁਰੂਆਤ ਦੇ ਦੌਰਾਨ ਇਸ ਲਈ ਉਮਰ ਯੋਗਤਾ 15.7 ਸਾਲ -18.7 ਸਾਲ ਹੈ।

3. ਯਾਤਰਾ ਅਤੇ ਸੈਰ-ਸਪਾਟਾ ਪ੍ਰਬੰਧਨ:

ਯਾਤਰਾ ਅਤੇ ਸੈਰ-ਸਪਾਟਾ ਪ੍ਰਬੰਧਨ ਦਾ ਬੈਚਲਰ ਉਹਨਾਂ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਅੰਡਰਗ੍ਰੈਜੁਏਟ ਕੋਰਸ ਹੈ ਜੋ ਯਾਤਰਾ ਅਤੇ ਸੈਰ-ਸਪਾਟਾ ਪ੍ਰਬੰਧਨ ਵਿੱਚ ਡਿਗਰੀ ਪ੍ਰਾਪਤ ਕਰਨਾ ਚਾਹੁੰਦੇ ਹਨ।

ਇਹ ਤਿੰਨ ਜਾਂ ਚਾਰ ਸਾਲਾਂ ਦਾ (ਸੰਸਥਾਨ 'ਤੇ ਨਿਰਭਰ ਕਰਦਾ ਹੈ) ਅੰਡਰਗਰੈਜੂਏਟ ਕੋਰਸ ਹੈ।

ਕਾਮਰਸ ਸਟਰੀਮ ਵਿੱਚ 12ਵੀਂ ਜਮਾਤ ਪਾਸ ਕਰਨ ਵਾਲੇ ਵਿਦਿਆਰਥੀ ਇਸ ਕੋਰਸ ਲਈ ਅਪਲਾਈ ਕਰ ਸਕਦੇ ਹਨ।

ਯਾਤਰਾ ਅਤੇ ਸੈਰ-ਸਪਾਟਾ ਖੇਤਰ ਜਿਵੇਂ ਕਿ ਅੰਤਰਰਾਸ਼ਟਰੀ ਯਾਤਰਾ ਅਤੇ ਸੈਰ-ਸਪਾਟਾ ਉਦਯੋਗਾਂ, ਸੈਰ-ਸਪਾਟਾ ਬੋਰਡਾਂ ਆਦਿ ਵਿੱਚ ਨੌਕਰੀਆਂ ਦੇ ਭਰਪੂਰ ਮੌਕੇ ਉਪਲਬਧ ਹਨ।

4. ਡਾਟਾ ਸਾਇੰਸ ਅਤੇ ਵਿਸ਼ਲੇਸ਼ਣ ਵਿੱਚ ਬੀਐੱਸਸੀ:

ਡੇਟਾ ਵਿਗਿਆਨ ਇੱਕ ਬਹੁ-ਅਨੁਸ਼ਾਸਨੀ ਖੇਤਰ ਹੈ ਜੋ ਕੱਚੇ ਅਤੇ ਢਾਂਚਾਗਤ ਡੇਟਾ ਦੇ ਇੱਕ ਵੱਡੇ ਸਮੂਹ ਤੋਂ ਕਾਰਵਾਈਯੋਗ ਸੂਝ ਲੱਭਣ 'ਤੇ ਕੇਂਦ੍ਰਿਤ ਹੈ ਜਿੱਥੇ ਡੇਟਾ ਵਿਸ਼ਲੇਸ਼ਣ ਮੌਜੂਦਾ ਡੇਟਾਸੈਟਾਂ ਦੇ ਸੰਖਿਆਤਮਕ ਵਿਸ਼ਲੇਸ਼ਣ ਦੀ ਪ੍ਰਕਿਰਿਆ ਅਤੇ ਪ੍ਰਦਰਸ਼ਨ 'ਤੇ ਕੇਂਦ੍ਰਤ ਕਰਦਾ ਹੈ।

ਇਸ ਕੋਰਸ ਦੀ ਅਕਾਦਮਿਕ ਮਿਆਦ ਤਿੰਨ ਸਾਲ ਦੀ ਹੈ।

ਸਿਰਫ਼ ਉਹ ਵਿਦਿਆਰਥੀ ਜਿਨ੍ਹਾਂ ਨੇ ਆਪਣੀ 12ਵੀਂ ਜਮਾਤ ਪੀਸੀਐਮ/ਸਟੈਟਿਸਟਿਕਸ/ਕੰਪਿਊਟਰ ਸਾਇੰਸ ਨਾਲ ਪਾਸ ਕੀਤੀ ਹੈ, ਉਹ ਇਸ ਕੋਰਸ ਲਈ ਅਪਲਾਈ ਕਰ ਸਕਦੇ ਹਨ।

ਡਾਟਾ ਸਾਇੰਸ ਪੇਸ਼ੇਵਰਾਂ ਨੂੰ ਆਮ ਤੌਰ 'ਤੇ ਫਰਮਾਂ, ਵਪਾਰਕ ਫਰਮਾਂ ਕੰਸਲਟੈਂਸੀਜ਼, & ਫਰਮਾਂ, ਆਦਿ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਇਹਨਾਂ ਥਾਵਾਂ 'ਤੇ, ਉਹਨਾਂ ਨੂੰ ਡੇਟਾ ਵਿਸ਼ਲੇਸ਼ਕ, ਪ੍ਰੋਜੈਕਟ ਮੈਨੇਜਰ ਸਲਾਹਕਾਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ।

5. ਪਾਇਲਟ:

ਇੱਕ ਪਾਇਲਟ ਇੱਕ ਕਿਸਮ ਦਾ ਏਅਰਕ੍ਰੂ ਅਧਿਕਾਰੀ ਹੁੰਦਾ ਹੈ ਜੋ ਇੱਕ ਹਵਾਈ ਜਹਾਜ਼ ਦੇ ਉਡਾਣ ਨਿਯੰਤਰਣ ਨੂੰ ਚਲਾਉਂਦਾ ਹੈ। ਪਾਇਲਟ ਨੂੰ ਏਵੀਏਟਰ ਵੀ ਕਿਹਾ ਜਾਂਦਾ ਹੈ।

ਪਾਇਲਟ ਹੋਣ ਦੇ ਨਾਤੇ, ਤੁਹਾ-ਡੇ ਕੋਲ ਦੁਨੀਆ ਭਰ ਦੀ ਯਾਤਰਾ ਕਰਨ ਦਾ ਮੌਕਾ ਹੈ। ਭਾਰਤ ਵਿੱਚ ਵੱਖ-ਵੱਖ ਪਾਇਲਟ-ਸਿਖਲਾਈ ਸੰਸਥਾਵਾਂ ਹਨ।

ਜਿਨ੍ਹਾਂ ਵਿਦਿਆਰਥੀਆਂ ਨੇ ਪੀਸੀਐਮ ਵਿਸ਼ਿਆਂ ਨਾਲ 12ਵੀਂ ਜਮਾਤ ਪਾਸ ਕੀਤੀ ਹੈ, ਉਹ ਇਸ ਕੋਰਸ ਲਈ ਅਪਲਾਈ ਕਰ ਸਕਦੇ ਹਨ। ਕਿਸੇ ਚੋਟੀ ਦੀ ਸਿਖਲਾਈ ਸੰਸਥਾ ਵਿੱਚ ਦਾਖਲਾ ਲੈਣ ਲਈ, ਵਿਦਿਆਰਥੀਆਂ ਨੂੰ ਦਾਖਲਾ ਪ੍ਰੀਖਿਆਵਾਂ ਲਈ ਯੋਗਤਾ ਪੂਰੀ ਕਰਨੀ ਪੈਂਦੀ ਹੈ ਅਤੇ ਉਹਨਾਂ ਕੋਲ ਚੰਗੀ , ਸਮੱਸਿਆ ਹੱਲ ਕਰਨ ਦੀਆਂ ਤਕਨੀਕਾਂ ਅਤੇ ਹਵਾਬਾਜ਼ੀ ਉਦਯੋਗ ਦੇ ਮਾਪਦੰਡਾਂ ਅਨੁਸਾਰ ਸਰੀਰਕ ਤੌਰ 'ਤੇ ਫਿੱਟ ਹੋਣਾ ਲਾਜ਼ਮੀ ਹੁੰਦਾ ਹੈ।

ਕਰੀਅਰ ਦੀ ਚੋਣ ਕਰਨਾ ਤੁਹਾਡੇ ਜੀਵਨ ਦੇ ਮਹੱਤਵਪੂਰਨ ਫੈਸਲਿਆਂ ਵਿੱਚੋਂ ਇੱਕ ਹੈ। ਤੁਹਾਡੇ ਮਾਤਾ-ਪਿਤਾ ਜਾਂ ਬਜ਼ੁਰਗਾਂ ਦੁਆਰਾ ਚੁਣਿਆ ਗਿਆ ਕਰੀਅਰ ਤੁਹਾਡੇ ਲਈ ਢੁਕਵਾਂ ਨਹੀਂ ਹੋ ਸਕਦਾ। ਇਸ ਲਈ ਆਪਣੇ ਹੁਨਰ, ਰੁਚੀਆਂ ਅਤੇ ਯੋਗਤਾਵਾਂ ਦੇ ਅਨੁਸਾਰ 12ਵੀਂ ਜਮਾਤ ਤੋਂ ਬਾਅਦ ਆਪਣਾ ਅਕਾਦਮਿਕ ਕਰੀਅਰ ਚੁਣਨਾ ਮਹੱਤਵਪੂਰਨ ਹੈ।

*-ਵਿਜੈ ਗਰਗ*

*ਰਿਟਾਇਰਡ ਪ੍ਰਿੰਸੀਪਲ*

*ਮਲੋਟ ਪੰਜਾਬ।*

# ਅਜਨਾਲਾ ਨੇੜੇ ਪਿੰਡ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ



ਅੰਮ੍ਰਿਤਸਰ, 22 ਮਈ (ਪੋਸਟ ਬਿਊਰੋ)- ਤਹਿਸੀਲ ਅਜਨਾਲਾ ਦੇ ਪਿੰਡ ਧਰਮਕੋਟ ਦੇ ਗੁਰਦੁਆਰਾ ਬਾਬਾ ਬੇਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਜਾਣ ਦੀ ਖਬਰ ਮਿਲੀ ਹੈ।

ਇਸ ਬਾਰੇ ਗ੍ਰੰਥੀ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਚੱਲਦੇ ਸਹਿਜ ਪਾਠ ਲਈ ਉਹ ਤਿੰਨ ਵਜੇ ਦੇ ਕਰੀਬ ਆਇਆ ਅਤੇ ਸ੍ਰੀ ਗੁਰੂ ਗ੍ਰੰਥ ਸਹਿਬ ਉਪਰੋਂ ਰੁਮਾਲਾ ਚੁੱਕਿਆ ਤਾਂ ਦੇਖਿਆ ਕਿ ਕਿਸੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜੇ ਹੋਏ ਸਨ। ਉਸ ਨੇ ਗੁਰਦੁਆਰਾ ਸਾਹਿਬ ਵਿੱਚ ਲੱਗੇ ਕੈਮਰਿਆਂ ਦੀ ਰਿਕਾਰਡਿੰਗ ਵੇਖੀ ਤਾਂ ਉਸੇ ਪਿੰਡ ਦੇ ਵਸਨੀਕ ਮੱਸਾ ਸਿੰਘ ਪੁੱਤਰ ਚੰਨਣ ਸਿੰਘ ਦੀ ਤਸਵੀਰ ਪਛਾਣ ਲਈ, ਜੋ ਰੋਜ਼ ਗੁਰਦੁਆਰਾ ਸਾਹਿਬ ਵਿਖੇ ਦੁਪਹਿਰ ਵੇਲੇ ਆਉਂਦਾ ਸੀ। ਫੁਟੇਜ ਵਿੱਚ ਦਿਸਿਆ ਕਿ ਮੱਸਾ ਸਿੰਘ ਨੇ ਚਾਕੂ ਨਾਲ ਪਾਵਨ ਸਰੂਪ ਦੇ 39 ਅੰਗ ਪਾੜ ਕੇ ਬੇਅਦਬੀ ਕੀਤੀ ਹੈ। ਥਾਣਾ ਝੰਡੀ ਸੈਦਾ ਦੀ ਪੁਲਸ ਨੂੰ ਗ੍ਰਿਫਤਾਰ ਕਰ ਲਿਆ। ਇਸ ਪਿੱਛੋਂਉਚ ਅਧਿਕਾਰੀਆਂ ਨੇ ਓਥੇ ਆਣ ਕੇ ਜਾਇਜ਼ਾ ਲਿਆ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਬਾਬਾ ਕੁਲਬੀਰ ਸਿੰਘ ਨੇ ਦੱਸਿਆ ਕਿ ਮੱਸਾ ਸਿੰਘ ਦੇ ਪਰਵਾਰ ਨਾਲ ਇਸ ਦੀ ਗੱਲ ਕੀਤੀ ਤਾਂ ਉਹ ਉਨ੍ਹਾਂ ਨੂੰ ਗਾਲੀ ਗਲੋਚ ਕਰਨ ਲੱਗ ਪਏ ਅਤੇ ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਬਚਾਇਆ ਹੈ।

# ਨਵਜੋਤ ਸਿੱਧੂ ਵਾਲੀ ਬੈਰਕ ਵਿੱਚ ਨਸ਼ਾ ਤਸਕਰ ਵੀ ਬੰਦ, ਸ਼ਿਕਾਇਤ ਪਿੱਛੋਂ ਕੱਢਿਆ



ਪਟਿਆਲਾ, 22 ਮਈ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਆਪਣੇ ਸਿਆਸੀ ਜੀਵਨ ਦੌਰਾਨ ਨਸ਼ਿਆਂ ਦਾ ਮੁੱਦਾ ਜ਼ੋਰ ਨਾਲ ਉਠਾਉਂਦੇ ਰਹੇ ਸਨ, ਪਰ ਉਨ੍ਹਾਂ ਨੂੰ ਪਟਿਆਲੇ ਦੀ ਕੇਂਦਰੀ ਜੇਲ੍ਹ ਵਿੱਚ ਜਾਂਦੇ ਸਾਰ ਜਿਸ ਲਾਇਬਰੇਰੀ ਬੈਰਕ ਨੰਬਰ 10 ਵਿੱਚ ਰੱਖਿਆ ਗਿਆ, ਉਸ ਵਿੱਚ ਨਸ਼ਿਆਂ ਤੇ ਨਾਜਾਇਜ਼ ਹਥਿਆਰਾਂ ਦੇ ਕੇਸਾਂ ਨਾਲ ਸਬੰਧਤ ਇੱਕ ਦੋਸ਼ੀ ਵੀ ਬੰਦ ਸੀ। ਇਸ ਨੂੰ ਜੇਲ੍ਹ ਪ੍ਰਸ਼ਾਸਨ ਦੀ ਵੱਡੀ ਕੁਤਾਹੀ ਮੰਨਿਆ ਗਿਆ ਹੈ।

ਨਵਜੋਤ ਸਿੰਘ ਸਿੱਧੂ ਵਾਲੀ ਬੈਰਕ ਵਿੱਚ ਬੰਦ ਕੈਦੀ ਇੰਦਰਜੀਤ ਸਿੰਘ ਨੌਕਰੀ ਤੋਂ ਕੱਢਿਆ ਪੁਲਸ ਮੁਲਾਜ਼ਮ ਤੇ ਨਸ਼ਾ ਤਸਕਰਾਂ ਦੇ ਵੱਡੇ ਗੱਠਜੋੜ ਵਿੱਚ ਸ਼ਾਮਲ ਹੋਣ ਦਾ ਦੋਸ਼ੀ ਸੀ। ਨਸ਼ੀਲੇ ਪਦਾਰਥਾਂ ਦੇ ਇਸ ਕੇਸ ਵਿੱਚ ਪੰਜਾਬ ਪੁਲਸ ਦੇ ਕਈ ਉਚ ਅਫਸਰ ਵੀ ਸ਼ਾਮਲ ਦੱਸੇ ਜਾਂਦੇ ਹਨ ਅਤੇ ਇਨ੍ਹਾਂ ਵਿੱਚੋਂ ਕਈ ਅਜੇ ਤੱਕ ਵੀ ਡਿਊਟੀ ਉੱਤੇ ਹਨ। ਨਵਜੋਤ ਸਿੰਘ ਸਿੱਧੂ ਵਾਲੀ ਬੈਰਕ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ੀ ਇੰਦਰਜੀਤ ਸਿੰਘ ਨੂੰ ਰੱਖੇ ਜਾਣ ਦੀ ਗੱਲ ਚੱਲੀ ਤਾਂ ਪੁੱਛ-ਪੜਤਾਲ ਤੋਂ ਬਾਅਦ ਉਸ ਦੀ ਬੈਰਕ ਬਦਲ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਪੰਜਾਬ ਪੁਲਸ ਦੇ ਬਰਖਾਸਤ ਕੀਤੇ ਸੀ ਆਈ ਏ ਸਟਾਫ ਦੇ ਇੰਸਪੈਕਟਰ ਇੰਦਰਜੀਤ ਸਿੰਘ ਦੀ ਰਿਹਾਇਸ਼ ਤੋਂ ਸਾਲ 2017 ਵਿੱਚਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਨੇ ਗੈਰ ਕਾਨੂੰਨੀ ਹਥਿਆਰ ਅਤੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਸਨ। ਜੇਲ੍ਹ ਵਿਭਾਗ ਦੇ ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਨਵਜੋਤ ਸਿੰਘ ਸਿੱਧੂ ਨੂੰ ਉਸ ਕੈਦੀ ਨਾਲ ਉਸੇ ਬੈਰਕ ਵਿੱਚ ਰੱਖੇ ਜਾਣ ਉੱਤੇ ਹੇਠਲੇ ਪੱਧਰ ਦੇ ਜੇਲ੍ਹ ਕਰਮਚਾਰੀ ਹੈਰਾਨ ਸਨ। ਉਨ੍ਹਾਂ ਕਿਹਾ, ''ਪਹਿਲਾਂ ਹੀ ਪੰਜਾਬ ਦੀਆਂ ਜੇਲ੍ਹਾਂ ਵਿੱਚ ਖੂਨੀ ਝੜਪਾਂ ਹੋ ਚੁੱਕੀਆਂ ਹਨ ਅਤੇ ਨਵਜੋਤ ਸਿੰਘ ਸਿੱਧੂ ਆਪਣੇ ਨਸ਼ਾ ਤਸਕਰ ਵਿਰੋਧੀ ਬਿਆਨਾਂ ਕਾਰਨ ਪਹਿਲਾਂ ਹੀ ਉਨ੍ਹਾਂ ਦੀ ਹਿੱਟ ਲਿਸਟ ਉੱਤੇ ਹਨ, ਇਸ ਕਾਰਨ ਇਹ ਕੁਤਾਹੀ ਮਹਿੰਗੀ ਪੈ ਸਕਦੀ ਸੀ।

ਸਾਲ 2017 ਵਿੱਚ ਫਗਵਾੜਾ ਵਿੱਚ ਸੀ ਆਈ ਏ ਇੰਸਪੈਕਟਰ ਇੰਦਰਜੀਤ ਸਿੰਘ ਦੇ ਕੁਆਰਟਰ ਵਿੱਚੋਂ ਨਸ਼ੀਲੇ ਪਦਾਰਥ ਫੜੇ ਜਾਣ ਪਿੱਛੋਂ ਜਲੰਧਰ ਪੁਲਸ ਲਾਈਨਜ਼ ਵਿੱਚ ਉਸ ਦੀ ਰਿਹਾਇਸ਼ ਤੇ ਹੋਰ ਥਾਂਵਾਂਤੋਂ ਹਥਿਆਰ ਮਿਲੇ ਸਨ। ਉਹ ਗ੍ਰਿਫਤਾਰੀ ਵੇਲੇ ਤੋਂ ਹੀ ਪਟਿਆਲਾ ਜੇਲ੍ਹ ਵਿੱਚ ਹੈ। ਇੱਕ ਸੀਨੀਅਰ ਪੁਲਸ ਅਫਸਰ ਨੇ ਦੱਸਿਆ ਕਿ ਨਸ਼ਾ ਕਾਰੋਬਾਰ ਦੇ ਵੱਡੇ ਧੰਦੇਬਾਜ਼ਾਂ ਨਾਲ ਸੰਬੰਧ ਰੱਖਣ ਵਾਲਾ ਪੰਜਾਬ ਦਾ ਕੋਈ ਵੀ ਕੈਦੀ ਅਤੇ ਨਸ਼ਿਆਂ ਦੇ ਕੇਸ ਨਾਲ ਸਬੰਧਤ ਕੋਈ ਵੀ ਪੁਲਸ ਮੁਲਾਜ਼ਮ ਨਵਜੋਤ ਸਿੰਘ ਸਿੱਧੂ ਅਤੇ ਬਿਕਰਮ ਸਿੰਘ ਮਜੀਠੀਆ ਦੋਵਾਂ ਲਈ ਗੰਭੀਰ ਖਤਰਾ ਹੋ ਸਕਦਾ ਹੈ। ਉਨ੍ਹਾ ਕਿਹਾ, ''ਜੇਲ੍ਹ ਪ੍ਰਸ਼ਾਸਨ ਨੂੰ ਉਨ੍ਹਾਂ ਕੈਦੀਆਂ ਦਾ ਪਿਛੋਕੜ ਵੇਖਣਾ ਬਣਦਾ ਹੈ, ਜੋ ਸਿੱਧੂ ਨਾਲ ਬੈਰਕ ਵਿੱਚ ਹੋਣਗੇ।''ਇਸ ਤੋਂ ਉਲਟ ਜੇਲ੍ਹ ਸੁਪਰਡੈਂਟ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਨਾਲ ਬੈਰਕ ਵਿੱਚ ਰੱਖੇ ਇੰਦਰਜੀਤ ਸਿੰਘਸਮੇਤ ਸਾਰੇ ਕੈਦੀਆਂ ਦਾ ਕੋਈ ਵੀ ਵੇਰਵਾ ਜਨਤਕ ਨਹੀਂ ਕੀਤਾ ਜਾਣਾ ਚਾਹੀਦਾ।

ਬਾਅਦ ਵਿੱਚ ਜੇਲ੍ਹ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਬਰਖਾਸਤ ਕੀਤੇ ਗਏ ਪੁਲਸ ਮੁਲਾਜ਼ਮ ਇੰਦਰਜੀਤ ਸਿੰਘ ਨੂੰ ਨਵਜੋਤ ਸਿੰਘ ਸਿੱਧੂ ਨਾਲ ਬੈਰਕ ਵਿੱਚ ਰੱਖਣ ਬਾਰੇ ਰਿਪੋਰਟ ਮਿਲਦੇ ਸਾਰ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਉਸ ਨੂੰ ਤਬਦੀਲ ਕਰਨ ਦਾ ਹੁਕਮ ਦਿੱਤਾ ਅਤੇ ਕਿਹਾ ਕਿ ਜੇ ਕੁਝ ਗਲਤ ਹੋਇਆ ਤਾਂ ਅਸੀਂ ਇਸ ਦੀ ਜਾਂਚ ਕਰਾਂਗੇ।

# ਘਰ ਵਿੱਚ ਵੜ ਕੇ ਨੌਜਵਾਨ ਬੰਦੀ ਬਣਾ ਕੇ 11 ਲੱਖ ਦੇ ਗਹਿਣੇ ਲੁੱਟੇ



ਜਲੰਧਰ, 22 ਮਈ (ਪੋਸਟ ਬਿਊਰੋ)- ਪਿੰਡ ਪਰਾਗਪੁਰ ਦੀ ਨਿਊ ਡਿਫੈਂਸ ਕਾਲੋਨੀ ਫੇਜ਼-2 ਵਿੱਚ ਕੱਲ੍ਹ ਸਵੇਰੇ ਸੱਤ ਵਜੇ ਐਕਟਿਵਾ ਸਵਾਰ ਦੋ ਨੌਜਵਾਨਾਂ ਨੇ ਘਰ ਵਿੱਚ ਵੜ ਕੇ ਨੌਜਵਾਨ ਨੂੰ ਗੰਨ ਪੁਆਇੰਟ ਉੱਤੇ ਬੰਦੀ ਬਣਾ ਲਿਆ ਤੇ 11 ਲੱਖ ਰੁਪਏ ਦੇ ਗਹਿਣੇ ਲੁੱਟ ਕੇ ਫਰਾਰ ਹੋ ਗਏ। ਉਨ੍ਹਾਂ ਨੇ ਹੈਲਮੇਟ ਪਾਏ ਹੋਏਸਨ ਤੇ ਕਾਲੇ ਰੰਗ ਦੀ ਐਕਟਿਵਾ ਉੱਤੇ ਆਏ ਸਨ। ਘਟਨਾ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ ਹੈ।

ਪੁਲਸ ਡੀ ਏ ਵੀ ਪੀ ਏ ਪੀ ਸਕੂਲ ਦੇ 12ਵੀਂ ਦੇ ਵਿਦਿਆਰਥੀ 18 ਸਾਲਾ ਜਾਗ੍ਰਿਤ ਨੇ ਦੱਸਿਆ ਕਿ ਉਹ ਸਵੇਰੇ ਘਰ ਵਿੱਚ ਇਕੱਲਾ ਸੀ ਤਾਂ ਹੈਲਮੇਟ ਪਹਿਨੇ ਦੋ ਨੌਜਵਾਨ ਘਰ ਵਿੱਚਵੜੇ ਤੇ ਉਸ ਨੂੰ ਚੁੱਕ ਕੇ ਲੈ ਗਏ ਅਤੇ ਜ਼ਬਰਦਸਤੀ ਗਹਿਣੇ ਤੇ ਨਕਦੀ ਬਾਰੇ ਪੁੱਛਣ ਲੱਗੇ। ਜਦੋਂ ਉਸ ਨੇ ਦੱਸਣ ਤੋਂ ਇਨਕਾਰ ਕੀਤਾ ਤਾਂ ਉਸ ਨੂੰ ਆਪਣੇ ਨਾਲ ਲਿਆਂਦੀ ਰੱਸੀ ਨਾਲ ਮੰਜੇ ਨਾਲ ਬੰਨ੍ਹ ਦਿੱਤਾ ਤੇ ਉਸ ਦੇ ਮੂੰਹ ਉੱਤੇ ਟੇਪ ਲਾ ਦਿੱਤੀ। ਫਿਰ ਉਹ ਦੋਵੇਂ ਉਸ ਘਰ ਵਿੱਚ ਰੱਖੀ ਅਲਮਾਰੀ ਫੋਲਣ ਲੱਗੇ। ਜਦੋਂ ਉਨ੍ਹਾਂ ਨੂੰ ਅਲਮਾਰੀ ਵਿੱਚ ਰੱਖੇ ਗਹਿਣੇ ਮਿਲ ਗਏ ਤਾਂ ਉਨ੍ਹਾਂ ਨੂੰ ਬੈਗ ਵਿੱਚ ਭਰ ਕੇ ਫਰਾਰ ਹੋ ਗਏ।

ਜਾਗ੍ਰਿਤ ਨੇ ਦੱਸਿਆ ਕਿ ਜਦੋਂ ਉਹ ਗਹਿਣੇ ਬੈਗ ਵਿੱਚ ਪਾ ਰਹੇ ਸਨ ਤਾਂ ਮੌਕਾ ਪਾ ਕੇ ਉਹ ਕਮਰੇ ਤੋਂ ਬਾਹਰ ਛੱਤ ਵੱਲ ਭੱਜਿਆ ਤੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਲੁਟੇਰੇ ਫਰਾਰ ਹੋ ਗਏ। ਜਾਗ੍ਰਿਤ ਦੀ ਮਾਂ ਨਵਦੀਪ ਕੌਰ ਫਗਵਾੜੇ ਦੇ ਇੱਕ ਪ੍ਰਾਈਵੇਟ ਸਕੂਲ ਦੀ ਟੀਚਰ ਹੈ ਅਤੇ ਉਸ ਦੀ ਨਾਨੀ ਰਾਜਿੰਦਰ ਕੌਰ ਗੁਰਦੁਆਰਾ ਸਾਹਿਬ ਗਈ ਹੋਈ ਸੀ। ਘਟਨਾ ਦੇ ਚਾਰ ਘੰਟੇ ਬਾਅਦ ਦੁਪਹਿਰੇ ਕਰੀਬ 12 ਵਜੇ ਫਿੰਗਰ ਪ੍ਰਿੰਟ ਮਾਹਿਰਾਂ ਦੀ ਟੀਮ ਮੌਕੇ ਉੱਤੇ ਪੁੱਜੀ। ਪਹਿਲਾਂ ਟੀਮ ਦਾ ਵਿਰੋਧ ਹੋਇਆ। ਪਰਵਾਰ ਨੇ ਦੱਸਿਆ ਕਿ ਇਨ੍ਹਾਂ ਚਾਰ ਘੰਟਿਆਂ ਵਿੱਚ ਪਰਵਾਰਕ ਮੈਂਬਰਾਂ ਤੇ ਪੁਲਸ ਵਾਲਿਆਂ ਦੇ ਵੀ ਹੱਥ ਲੱਗ ਚੁੱਕੇ ਹਨ। ਫਿੰਗਰ ਪ੍ਰਿੰਟ ਮਾਹਰ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਲੇਟ ਸੂਚਨਾ ਮਿਲੀ ਸੀ।

# ਢੌਂਗੀ ਬਾਬਾ 22 ਸਾਲਾ ਲੜਕੀ ਨੂੰ ਅਗਵਾ ਕਰ ਕੇ ਲੈ ਗਿਆ

ਜਲੰਧਰ, 22 ਮਈ (ਪੋਸਟ ਬਿਊਰੋ)- ਥਾਣਾ ਭਾਰਗੋ ਕੈਂਪ ਦੇ ਏਰੀਏ ਵਿਚਲੇ ਚਿਰਾਗਪੁਰਾ ਮੁਹੱਲੇਵਿੱਚੋਂ ਇੱਕ ਢੌਂਗੀ ਬਾਬਾ 22 ਸਾਲ ਦੀ ਲੜਕੀ ਨੂੰ ਅਗਵਾ ਕਰ ਕੇ ਲੈ ਗਿਆ ਹੈ। ਪੁਲਸ ਨੇ ਤੇਜ਼ ਮੋਹਨ ਨਗਰ ਦੇ ਬਾਬੇ ਦੇ ਸੇਵਾਦਾਰ ਬਣੇ ਬੌਬੀ ਸਹੋਤਾ, ਅਮਿਤ ਕੁਮਾਰ ਉਰਫ ਮੀਤ ਪਿੰਡ ਹੀਰਾਪੁਰ ਮਕਸੂਦਾਂ, ਨਵਪ੍ਰੀਤ ਸਿੰਘ ਵਾਸੀ ਫਰੀਦ ਕਾਲੋਨੀ ਮਿੱਠਾਪੁਰ ਅਤੇ ਪਿੰਡ ਰਾਮਪੁਰ ਸੁੰਨੜਾਂ ਫਗਵਾੜਾ ਦੀ ਵਸਨੀਖ ਔਰਤ ਪ੍ਰੀਤ ਨੂੰ ਦੋਸ਼ੀ ਨਾਮਜ਼ਦ ਕੀਤਾ ਅਤੇ ਦੋਸ਼ੀ ਅਮਿਤ ਕੁਮਾਰ ਅਤੇ ਨਵਪ੍ਰੀਤ ਸਿੰਘ ਨੂੰ ਪੁਲਸ ਨੇ ਭਾਰਗਵ ਕੈਂਪ ਨੇੜਿਓਂ ਗ੍ਰਿਫਤਾਰ ਕਰ ਲਿਆ ਹੈ।

ਪੁਲਸ ਮੁਤਾਬਕ ਢੌਂਗੀ ਬਾਬੇ ਦਾ ਲੜਕੀ ਦੇ ਘਰ ਆਉਣ-ਜਾਣ ਸੀ।ਘਾਹ ਮੰਡੀ ਦੀ ਔਰਤ ਨੇ ਦੱਸਿਆ ਕਿ 22 ਸਾਲਾ ਬੇਟੀ ਨੂੰ 16-17 ਮਈ ਦੀ ਅੱਧੀ ਰਾਤ ਅਗਵਾ ਕੀਤਾ ਗਿਆ। ਪੁਲਸ ਨੇ ਜਾਂਚ ਕੀਤੀ ਤਾਂ ਲੜਕੀ ਨੂੰ ਆਖਰੀ ਵਾਰ ਸੈਂਟੀ ਬਾਬਾ ਨਾਲ ਕਿਸੇ ਦੋਪਹੀਆ ਵਾਹਨ ਉੱਤੇ ਦੇਖਿਆ ਗਿਆ। ਸਾਰੇ ਦੋਸ਼ੀਆਂ ਨੇ ਕਿਸੇ ਨਾ ਕਿਸੇ ਤਰ੍ਹਾਂ ਬਾਬੇ ਦੀ ਮਦਦ ਕੀਤੀ ਸੀ। ਸੈਂਟੀ ਬਾਬਾ ਆਪਣੇ ਆਪ ਨੂੰ ਗਿਆਨੀ ਦੱਸਦਾ ਸੀ। ਉਸ ਦਾ ਲੜਕੀ ਦੇ ਘਰ ਵੀ ਆਉਣਾ-ਜਾਣਾ ਸੀ। ਦੋਸ਼ੀ ਵਿਆਹਿਆ ਹੋਇਆ ਹੈ ਤੇ ਉਸ ਦਾ ਇੱਕ ਬੱਚਾ ਵੀ ਹੈ। ਗ੍ਰਿਫਤਾਰ ਦੋਵਾਂ ਦੋਸ਼ੀਆਂ ਨੇ ਅਗਵਾ ਕਰਨ ਵਿੱਚ ਮਦਦ ਕੀਤੀ ਸੀ, ਰਿਮਾਂਡ ਦੇ ਬਾਅਦ ਪਤਾ ਲੱਗੇਗਾ ਕਿ ਬਾਬਾ ਲੜਕੀ ਨੂੰ ਕਿੱਥੇ ਲੈ ਕੇ ਗਿਆ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਆਯੁਰਵੈਦਿਕ ਕਾਲਜ ਦਾ ਹਾਲ

# ਬੀ ਏ ਐਮ ਐਸ ਦੀ ਇੱਕ ਕਲਾਸ ਵਿੱਚ ਸਿਰਫ ਤਿੰਨ ਪੰਜਾਬੀ, ਸੀਟਾਂ ਵੀ 60 ਵਿੱਚੋਂ ਮਸਾਂ 34 ਭਰੀਆਂ



ਮੋਗਾ, 22 ਮਈ (ਪੋਸਟ ਬਿਊਰੋ)- ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਪੰਜਾਬ ਵਿੱਚ ਮੈਡੀਕਲ ਪੜ੍ਹਾਈ ਕਰ ਰਹੇ ਹਨ, ਪਰ ਇਸ ਖੇਤਰ ਵਿੱਚ ਆਯੁਰਵੈਦਿਕ ਦੀ ਪੜ੍ਹਾਈ ਵੱਲ ਕੋਈ ਮੋਹ ਨਹੀਂ ਵੇਖਿਆ ਜਾ ਰਿਹਾ।

ਹੁਸ਼ਿਆਰਪੁਰ ਆਯੁਰਵੈਦਿਕ ਯੂਨੀਵਰਸਿਟੀ ਅਧੀਨ ਚੱਲਦੇ 16 ਆਯੁਰਵੈਦਿਕ ਕਾਲਜਾਂ ਵਿੱਚ ਕੁੱਲ 960 ਸੀਟਾਂ ਵਿੱਚੋਂ 144 ਸੀਟਾਂ (15 ਫੀਸਦੀ)ਹਾਲੇ ਤੱਕ ਖਾਲੀ ਹਨ। ਇਸ ਸਾਲ ਫਰਵਰੀ ਮਹੀਨੇ ਵਿੱਚ ਬੀ ਡੀ ਐਸ ਦੀਆਂ 2600ਸੀਟਾਂ ਵਿੱਚੋਂ ਵੀ 1390 ਖਾਲੀ ਰਹਿ ਗਈਆਂ ਸਨ। ਸਥਾਨਕ ਸ੍ਰੀ ਸੱਤਿਆ ਸਾਈਂ ਮੁਰਲੀਧਰ ਆਯੂਰਵੈਦਿਕ ਕਾਲਜ ਵਿੱਚ ਬੀ ਏ ਐਮ ਐਸ ਪਹਿਲਾਸਾਲ ਦੀਆਂ ਕੁੱਲ 60 ਵਿੱਚੋਂ 34 ਸੀਟਾਂ ਭਰੀਆਂ ਹਨ। ਇਨ੍ਹਾਂ ਵਿੱਚੋਂ ਸਿਰਫ ਤਿੰਨ ਵਿਦਿਆਰਥੀ ਪੰਜਾਬ ਦੇ, ਬਾਕੀ ਹੋਰ ਰਾਜਾਂ ਦੇ ਹਨ। ਪ੍ਰਿੰਸੀਪਲ ਡਾਕਟਰ ਪੀ ਸੀ ਸਿੰਗਲ ਅਤੇ ਯੂਨੀਵਰਸਿਟੀ ਦੇ ਰਜਿਸਟਰਾਰ ਸੰਜੀਵ ਗੋਇਲ ਨੇ ਦੱਸਿਆ ਕਿ ਸੀਟਾਂ ਖਾਲੀ ਹੋਣ ਦਾ ਮੁੱਖ ਕਾਰਨ ਫੀਸਾਂ ਨਹੀਂ, ਸਗੋਂ ਕੋਰੋਨਾ ਦੇ ਦੌਰਾਨ ਸੈਸ਼ਨ ਸ਼ੁਰੂ ਹੋਣ ਵਿੱਚ ਹੋਈ ਦੇਰੀ ਹੈ। ਮਿਲੀ ਜਾਣਕਾਰੀ ਅਨੁਸਾਰ ਇਸ ਵਾਰ ਫਾਈਨਲ ਕੌਂਸਲਿੰਗ ਦੌਰਾਨ ਮੈਰਿਟ ਵਿੱਚ ਪੰਜ ਫੀਸਦੀ ਛੋਟ ਵੀ ਦਿੱਤੀ ਗਈ, ਪਰ 15.7 ਫੀਸਦੀ ਸੀਟਾਂ ਖਾਲੀ ਰਹਿ ਗਈਆਂ ਹਨ। ਇਸ ਮਗਰੋਂ 14 ਮਈ ਨੂੰ ਨੈਸ਼ਨਲ ਕਮਿਸ਼ਨ ਫਾਰ ਇੰਡੀਅਨ ਸਿਸਟਮ ਆਫ ਮੈਡੀਕਲ, ਦਿੱਲੀ ਵੱਲੋਂ ਰੱਖੀ ਵਿਸ਼ੇਸ਼ ਕੌਂਸਲਿੰਗ ਵਿੱਚ ਸਿਰਫ ਚਾਰ ਵਿਦਿਆਰਥੀ ਆਏ। ਇਹ ਪਹਿਲੀ ਵਾਰ ਹੈ ਕਿ ਪੰਜਾਬ ਵਿੱਚ 144 ਸੀਟਾਂ ਖਾਲੀ ਰਹਿ ਗਈਆਂ ਹਨ।ਪੰਜਾਬ ਦੇ ਪ੍ਰਾਈਵੇਟ ਆਯੁਰਵੈਦਿਕ ਕਾਲਜਾਂ ਵਿੱਚ ਦਾਖਲਾ ਸਰਕਾਰੀ ਕੋਟੇ ਅਤੇ ਮੈਨੇਜਮੈਂਟ ਕੋਟੇ ਰਾਹੀਂ ਕੀਤਾ ਜਾਂਦਾ ਹੈ ਤੇ ਦੋਵਾਂ ਲਈ ਪੰਜਾਹ-ਪੰਜਾਹ ਫੀਸਦੀ ਸੀਟਾਂ ਰਾਖਵੀਆਂ ਹਨ। ਪਿਛਲੇ ਸਾਲ ਤਕ ਸਰਕਾਰੀ ਕੋਟੇ ਦੀ ਫੀਸ 1.20 ਲੱਖ ਰੁਪਏ ਅਤੇ ਮੈਨੇਜਮੈਂਟ ਕੋਟੇ ਵਿੱਚ 1.80 ਲੱਖ ਰੁਪਏ ਸਾਲਾਨਾ ਸੀ। ਚਰਨਜੀਤ ਸਿੰਘ ਚੰਨੀ ਦੀ ਸਰਕਾਰ ਦੇ ਰਾਜ ਦੌਰਾਨ ਨਵੰਬਰ 2021 ਵਿੱਚ ਦੋਵਾਂ ਕੋਟਿਆਂ ਦੀ ਫੀਸ ਦੋ ਲੱਖ ਰੁਪਏ ਕਰਨ ਦੇ ਫੈਸਲੇ ਮਗਰੋਂ ਪੰਜਾਬ ਵਿੱਚ 15.7 ਫੀਸਦੀ ਸੀਟਾਂ ਖਾਲੀ ਰਹਿ ਗਈਆਂ ਹਨ।

# ਉਚੀ ਆਵਾਜ਼ ਵਿੱਚ ਗਾਣੇ ਵਜਾਉਣੋਂ ਰੋਕਿਆ ਤਾਂ ਬਜ਼ੁਰਗ ਔਰਤ ਉਤੇ ਟਰੈਕਟਰ ਚਾੜ੍ਹ ਕੇ ਲੱਤ ਤੋੜੀ

ਘਨੌਰ, 22 ਮਈ (ਪੋਸਟ ਬਿਊਰੋ)- ਥਾਣਾ ਸ਼ੰਭੂ ਦੇ ਪਿੰਡ ਗਦਾਪੁਰ ਵਿੱਚ ਟਰੈਕਟਰ ਉੱਤੇ ਉਚੀ ਆਵਾਜ਼ ਵਿੱਚ ਗਾਣੇ ਵਜਾਉਣ ਵਾਲੇ ਨੂੰ 65 ਸਾਲ ਦੀ ਬਜ਼ੁਰਗ ਔਰਤ ਨੇ ਰੋਕਿਆ ਤਾਂ ਨੇ ਬਜ਼ੁਰਗ ਔਰਤ ਨੂੰ ਟਰੈਕਟਰ ਹੇਠਾਂ ਕੁਚਲ ਦਿੱਤਾ। ਇਸ ਕਾਰਨ ਉਸ ਦੀ ਲੱਤ ਲੁੱਟ ਗਈ। ਜ਼ਖਮੀ ਹਾਲਤ ਵਿੱਚ ਔਰਤ ਨੂੰ ਹਸਪਤਾਲ ਦਾਖਲ ਕਰਾਇਆ ਗਿਆ। ਪੁਲਸ ਨੇ ਦੋਸ਼ੀ ਪਲਵਿੰਦਰ ਸਿੰਘ ਅਤੇ ਪਰਵਿੰਦਰ ਸਿੰਘ ਦੇ ਖਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੀੜਤ ਔਰਤ ਦੇ ਬੇਟੇ ਰਣਜੀਤ ਸਿੰਘ ਨੇ ਦੱਸਿਆ ਕਿ ਪਲਵਿੰਦਰ ਨੇ ਕਰੀਬ ਛੇ ਮਹੀਨੇ ਪਹਿਲਾਂ ਨਵਾਂ ਟਰੈਕਟਰ ਖਰੀਦਿਆ ਸੀ, ਜਿਸ ਉੱਤੇ ਵੱਡੇ-ਵੱਡੇ ਸਪੀਕਰ ਲਾ ਕੇ ਉਚੀ ਆਵਾਜ਼ ਵਿੱਚ ਸਾਰਾ ਦਿਨ ਪਿੰਡ ਵਿੱਚ ਚੱਕਰ ਕੱਟਦਾ ਹੈ। ਉਹ ਬੇਵਜ੍ਹਾ 11 ਮਈ ਦੀ ਰਾਤ ਉਚੀ ਆਵਾਜ਼ ਵਿੱਚ ਗਾਣੇ ਵਜਾਉਂਦਾ ਰਿਹਾ, ਜਿਸ ਕਾਰਨ ਪ੍ਰੇਸ਼ਾਨ ਹੋ ਕੇ ਉਨ੍ਹਾਂ ਦੀ ਮਾਂ ਹਰਬੰਸ ਕੌਰ ਨੇ ਬਾਹਰ ਜਾ ਕੇ ਉਸ ਨੂੰ ਗਾਣੇ ਬੰਦ ਕਰਨ ਨੂੰ ਕਿਹਾ ਤਾਂ ਦੋਸ਼ੀ ਨੇ ਉਸ ਦੀ ਮਾਂ ਨੂੰ ਟਰੈਕਟਰ ਹੇਠਾਂ ਕੁਚਲ ਦਿੱਤਾ। ਰਣਜੀਤ ਨੇ ਦੱਸਿਆ ਕਿ ਦੋਸ਼ੀ ਘਟਨਾ ਤੋਂ ਕੁਝ ਦਿਨ ਪਹਿਲਾਂ ਉਨ੍ਹਾਂ ਦੇ ਡੇਰੇ ਨਾਲ ਲੱਗਦੀ ਜ਼ਮੀਨ ਤੋਂ ਮਿੱਟੀ ਦੀ ਮਾਈਨਿੰਗ ਕਰ ਰਿਹਾ ਸੀ ਅਤੇ ਮਿੱਟੀ ਦੇ ਭਰੇ ਹੋਏ ਟਰੱਕ ਉਨ੍ਹਾਂ ਦੇ ਘਰ ਦੇ ਬਾਹਰੋਂ ਨਿਕਲ ਰਹੇ ਸਨ, ਜਦ ਕਿ ਉਨ੍ਹਾਂ ਨੇ ਆਪਣੇ ਘਰ ਦੇ ਬਾਹਰ ਨਵੀਂ ਸੀਵਰੇਜ ਪਾਈਪ ਲਾਈਨ ਪਾਈ ਸੀ ਤੇ ਦੋਸ਼ੀ ਨੂੰ ਕਿਹਾ ਸੀ ਕਿ ਟਰੱਕ ਦੀ ਸਪੀਡ ਘੱਟ ਕਰ ਕੇ ਓਥੋਂ ਨਿਕਲੇ ਤਾਂ ਕਿ ਪਾਈਪ ਨੂੰ ਕੋਈ ਨੁਕਸਾਨ ਨਾ ਹੋਵੇ। ਇਸੇ ਗੱਲ ਤੋਂ ਭੜਕੇ ਦੋਸ਼ੀ ਨੇ ਉਨ੍ਹਾਂ ਦੇ ਘਰ ਦੇ ਬਾਹਰ ਆ ਕੇ ਉਚੀ ਆਵਾਜ਼ ਵਿੱਚ ਗਾਣੇ ਲਾ ਕੇ ਹੁੱਲੜਬਾਜ਼ੀ ਕੀਤੀ ਅਤੇ ਉਨ੍ਹਾਂ ਨਾਲ ਝਗੜਾ ਕੀਤਾ ਸੀ।

# ਤਲਾਬ ਵਿੱਚ ਡੁੱਬਣ ਨਾਲ ਦੋ ਬੱਚਿਆਂ ਦੀ ਮੌਤ

ਗੋਰਾਇਆ, 22 ਮਈ (ਪੋਸਟ ਬਿਊਰੋ)- ਹਲਕਾ ਫਿਲੌਰ ਦੇ ਪਿੰਡ ਪਾਸਲਾ ਜ਼ਿਲ੍ਹਾ ਜਲੰਧਰ ਵਿੱਚ ਸੱਤ ਕੁ ਸਾਲ ਦੇ ਦੋ ਮਾਸੂਮ ਬੱਚਿਆਂ ਦੀ ਪਾਣੀ ਵਿੱਚ ਡੁੱਬਣ ਕਾਰਨ ਮੌਤ ਹੋ ਗਈ ਹੈ।


ਮ੍ਰਿਤਕ ਬੱਚਿਆਂ ਏਕਮ ਹੀਰ ਪੁੱਤਰ ਸੁਖਦੇਵ ਕੁਮਾਰ ਤੇ ਮੋਹਿਤ ਕੁਮਾਰ ਪੁੱਤਰ ਰਵਿੰਦਰ ਕੁਮਾਰ ਪਿੰਡ ਪਾਸਲਾ ਦੇ ਪਰਵਾਰ ਨੇ ਦੱਸਿਆ ਕਿ ਉਨ੍ਹਾਂ ਦੇ ਬੱਚੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਦੂਸਰੀ ਕਲਾਸ ਵਿੱਚ ਪੜ੍ਹਦੇ ਸਨ। ਕੱਲ੍ਹ ਉਨ੍ਹਾਂ ਦੀ 11 ਵਜੇ ਛੁੱਟੀ ਹੋਣ ਪਿੱਛੋਂ ਦੋਵੇਂ ਬੱਚੇ ਨਜ਼ਦੀਕੀ ਪਿੰਡ ਦੇ ਧਾਰਮਿਕ ਸਥਾਨ ਦੇ ਬਾਹਰ ਬਣੇ ਤਲਾਬ ਵਿੱਚ ਨਹਾਉਣ ਲਈ ਚਲੇ ਗਏ, ਜਿਸ ਦਾ ਉਨ੍ਹਾਂ ਨੂੰ ਨਹੀਂ ਪਤਾ ਸੀ, ਜਦ ਬੱਚੇ ਕਾਫੀ ਦੇਰ ਘਰ ਨਹੀਂ ਆਏ ਤਾਂ ਉਹ ਸਕੂਲ ਵਿੱਚ ਪੁੱਛਣ ਗਏ ਤਾਂ ਸਕੂਲ ਦੇ ਅਧਿਆਪਕਾਂ ਨੇ ਦੱਸਿਆ ਕਿ 11 ਵਜੇ ਛੁੱਟੀ ਦੇ ਬਾਅਦ ਬੱਚੇ ਚਲੇ ਗਏ ਹਨ।ਇਸ ਦੇ ਬਾਅਦ ਬੱਚਿਆਂ ਦੀ ਤਲਾਸ਼ ਕੀਤੀ ਅਤੇ ਜਦ ਉਹ ਨਹੀਂ ਮਿਲੇ ਤਾਂ ਪਿੰਡ ਨੇੜੇ ਦੂਸਰੇ ਪਿੰਡ ਵਿੱਚ ਬਣੇ ਤਲਾਬ ਨੇੜੇ ਜਦ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਦੇਖਿਆ ਕਿ ਬੱਚਿਆਂ ਦੇ ਕੱਪੜੇ ਉਥੇ ਪਏ ਸਨ, ਪਰ ਬੱਚੇ ਨਹੀਂ ਸਨ। ਇਸ ਪਿੱਛੋਂ ਪਿੰਡ ਵਾਸੀਆਂ ਨੇ ਤਲਾਬ ਵਿੱਚ ਉਤਰ ਕੇ ਦੇਖਿਆ ਤਾਂ ਬੱਚੇ ਡੁੱਬੇ ਹੋਏ ਸਨ ਜਿਨ੍ਹਾਂ ਨੂੰ ਜਲਦੀ ਕੱਢਿਆ ਤੇ ਫਗਵਾੜਾ ਦੇ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਦੋਵਾਂ ਬੱਚਿਆਂ ਨੂੰ ਮ੍ਰਿਤਕ ਐਲਾਨ ਦਿੱਤਾ।ਪਿੰਡ ਵਾਸੀਆਂ ਨੇ ਦੱਸਿਆ ਕਿ ਤਲਾਬ ਵਿੱਚ ਪਾਣੀ ਜ਼ਿਆਦਾ ਭਰਿਆ ਹੋਇਆ ਸੀ ਅਤੇ ਕਾਫੀ ਡੂੰਘਾ ਹੈ ਜਿਸ ਤੋਂ ਕੋਈ ਵੀ ਸੁਰੱਖਿਅਤ ਨਹੀਂ ਹੈ।

# ਤਨਖਾਹ ਰੋਕਣ ਲਈ ਹੁਕਮ ਮਿਲੇ ਤਾਂ ਵਿਧਵਾ ਦੀ ਪੈਨਸ਼ਨ ਖੜੇ ਪੈਰ ਰਿਲੀਜ਼ ਹੋ ਗਈ

ਚੰਡੀਗੜ੍ਹ, 22 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਚੌਥਾ ਦਰਜਾ ਕਰਮਚਾਰੀ ਦੀ ਵਿਧਵਾ ਨੂੰ ਪੈਨਸ਼ਨ ਲਈ ਇੰਤਜ਼ਾਰ ਕਰਾਉਣਾ ਸਰਕਾਰ ਨੂੰ ਭਾਰੀ ਪੈ ਗਿਆ, ਜਦੋਂ ਕੋਰਟ ਦੀ ਸਖਤੀ ਵੇਖ ਕੇ ਖੜੇ ਪੈਰ ਪੈਨਸ਼ਨ ਦੇਣੀ ਪੈ ਗਈ।

ਪੀੜਤ ਔਰਤ ਨੇ ਹਾਈ ਕੋਰਟ ਨੂੰ ਦੱਸਿਆ ਕਿ ਉਸ ਦੇ ਚੌਥਾ ਦਰਜਾ ਮੁਲਾਜ਼ਮਪਤੀ ਦੀ ਮੌਤ ਹੋਈ ਤਾਂ ਉਸ ਨੇ ਪੈਨਸ਼ਨ ਲਾਭ ਲਈ ਸਰਕਾਰ ਨੂੰ ਅਪੀਲ ਕੀਤੀ, ਪਰ ਲੰਬਾ ਸਮਾਂ ਕਾਰਵਾਈ ਨਹੀਂ ਹੋਈ। ਫਿਰ ਉਹ ਹਾਈ ਕੋਰਟ ਚਲੀ ਗਈ। ਕੋਰਟ ਨੇ ਪੰਜ ਅਕਤੂਬਰ 2021 ਨੂੰ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਕਿ ਪਟੀਸ਼ਨਰ ਦੇ ਮੰਗ ਪੱਤਰ ਉੱਤੇ ਇੱਕ ਮਹੀਨੇ ਅੰਦਰ ਫੈਸਲਾ ਲਿਆ ਜਾਏ। ਕਾਰਵਾਈ ਨਾ ਹੋਣ ਉੱਤੇ ਪਟੀਸ਼ਨਰ ਨੇ ਉਲੰਘਣਾ ਪਟੀਸ਼ਨ ਦਾਇਰ ਕੀਤੀ। ਪੰਜਾਬ ਸਰਕਾਰ ਨੇ ਕੋਰਟ ਨੂੰ ਦੱਸਿਆ ਕਿ ਪਟੀਸ਼ਨਰ ਦਾ ਕੇਸ ਪੈਸੇ ਟਰਾਂਸਫਰ ਕਰਨ ਲਈ ਬੈਂਕ ਨੂੰ ਭੇਜਿਆ ਹੈ। ਹਾਈ ਕੋਰਟ ਪੁਛਿਆ ਕਿ ਸਰਕਾਰ ਵਿਧਵਾ ਨੂੰ ਆਪਣੇ ਹੱਕ ਲਈ ਵਾਰ-ਵਾਰ ਕੋਰਟ ਆਉਣ ਨੂੰ ਮਜਬੂਰ ਕਿਉਂ ਕਰ ਰਹੀ ਹੈ।ਕੋਰਟ ਨੇ ਸਖਤੀ ਨਾਲ ਕਿਹਾ ਕਿ ਔਰਤ ਨੂੰ ਪੂਰੇ ਪੈਸੇ ਜਾਰੀ ਹੋਣ ਤਕ ਪੰਜਾਬ ਦੇ ਹੋਮ ਸੈਕਟਰੀ ਦੀ ਤਨਖਾਹ ਰੋਕ ਲਈ ਜਾਏ। ਇਹ ਹੁਕਮ ਆਉਂਦੇਹੀ ਕਾਹਲੀ ਵਿੱਚ ਸਰਕਾਰ ਨੇ ਬੈਂਕ ਨਾਲ ਸੰਪਰਕ ਕਰ ਕੇ ਔਰਤ ਦੇ ਖਾਤੇ ਵਿੱਚ ਪੂਰੇ ਪੈਸੇ ਜਮ੍ਹਾਂ ਕਰਵਾ ਦਿੱਤੇ ਅਤੇ ਹੁਕਮ ਉੱਤੇ ਜੱਜ ਦੇ ਦਸਖਤ ਹੋਣ ਤੋਂ ਪਹਿਲਾਂ ਸਰਕਾਰ ਨੇ ਇਹ ਸੂਚਨਾ ਕੋਰਟ ਨੂੰ ਦੇ ਦਿੱਤੀ।

# ਸਿੱਖ ਵਿਰੋਧੀ ਨਫਰਤ ਫੈਲਾਉਣ ਉੱਤੇ ਸਿਰਸਾ ਵੱਲੋਂ ਕਾਂਗਰਸ ਲੀਡਰ ਅਧੀਰ ਰੰਜਨ ਖਿਲਾਫ ਸ਼ਿਕਾਇਤ




ਨਵੀਂ ਦਿੱਲੀ, 22 ਮਈ (ਪੋਸਟ ਬਿਊਰੋ)- ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਰਾਜੀਵ ਗਾਂਧੀ ਦੀ ਬਰਸੀ ਮੌਕੇ ਸਿੱਖਾਂ ਦੇ ਖਿਲਾਫ ਨਫਰਤ ਅਤੇ ਭੜਕਾਊ ਟਵੀਟ ਕਰਨ ਦੇ ਦੋਸ਼ ਹੇਠ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਅਧੀਰ ਰੰਜਨ ਚੌਧਰੀ ਖਿਲਾਫ ਸ਼ਿਕਾਇਤ ਦਰਜ ਕਰਾਈ ਹੈ। ਇਸ ਸ਼ਿਕਾਇਤ ਵਿੱਚ ਸਿਰਸਾ ਨੇ ਕਿਹਾ ਕਿ 22 ਮਈ ਨੂੰ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਬਰਸੀ ਮੌਕੇ ਅਧੀਰ ਰੰਜਨ ਚੌਧਰੀ ਨੇ ਟਵੀਟ ਕੀਤਾ, ਜਿਸ ਵਿੱਚ ਉਨ੍ਹਾਂ ਇੰਦਰਾ ਗਾਂਧੀ ਦੀ ਮੌਤ ਵੇਲੇ ਰਾਜੀਵ ਗਾਂਧੀ ਦੀ ਟਿਪਣੀ ਦੁਹਰਾਈ ਕਿ 'ਜਦੋਂ ਕੋਈ ਵੱਡਾ ਰੁੱਖ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ।' ਸਿਰਸਾ ਨੇ ਕਿਹਾ ਕਿ ਰਾਜੀਵ ਗਾਂਧੀ ਦੀ ਇਸ ਟਿੱਪਣੀ ਕਾਰਨ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਇਆ ਸੀ।

ਇਸੇ ਦੌਰਾਨ ਕਾਂਗਰਸ ਆਗੂ ਅਧੀਰ ਰੰਜਨ ਚੌਧਰੀ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਟਵਿੱਟਰ ਉਤੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਤਸਵੀਰ ਨਾਲ ਇਹ ਗੱਲ ਲਿਖੀ ਗਈ ਸੀ। ਚੌਧਰੀ ਨੇ ਦਾਅਵਾ ਕੀਤਾ ਕਿ ਉਸ ਦਾ ਅਕਾਊਂਟ ਹੈਕ ਕੀਤਾ ਗਿਆ ਹੈ, ਕਿਉਂਕਿ ਜਦੋਂ ਇਹ ਪੋਸਟ ਸੋਸ਼ਲ ਮੀਡੀਆ ਉੱਤੇ ਪਾਈ ਗਈ ਤਾਂ ਉਸ ਸਮੇਂ ਉਹ ਪੱਛਮੀ ਬੰਗਾਲ ਦੇ ਮੁਰਸ਼ਦਾਬਾਦ ਜ਼ਿਲ੍ਹੇ ਵਿਚਲੇ ਪਾਰਟੀ ਦਫਤਰ ਵਿੱਚ ਭਾਸ਼ਣ ਦੇ ਰਹੇ ਸਨ। ਵਿਵਾਦ ਭਖਣ ਮਗਰੋਂ ਇਹ ਟਵੀਟ ਹਟਾ ਦਿੱਤਾ ਗਿਆ ਹੈ। ਉਨ੍ਹਾਂ ਇਸ ਵਿਵਾਦਤ ਟਵੀਟ ਨਾਲ ਕੋਈ ਵੀ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ।

# ਆਰ ਟੀ ਆਈ ਨੂੰ ਹਥਿਆਰ ਬਣਾ ਕੇ ਟੀਚਰ ਭਰਤੀ ਘੋਟਾਲਾ ਕੀਤਾ

### * ਮਮਤਾ ਬੈਨਰਜੀ ਸਰਕਾਰ ਦੇ ਦੋ ਮੰਤਰੀ ਵੀ ਘੋਟਾਲੇ ਵਿੱਚ ਫਸੇ





ਕੋਲਕਾਤਾ, 22 ਮਈ (ਪੋਸਟ ਬਿਊਰੋ)- ਕਿਸੇ ਸਰਕਾਰੀ ਵਿਭਾਗ ਜਾਂ ਯੋਜਨਾਵਾਂ ਵਿੱਚ ਹੋਈ ਗੜਬੜ ਤੇ ਭ੍ਰਿਸ਼ਟਾਚਾਰ ਨੂੰ ਸਾਹਮਣੇ ਲਿਆਉਣ ਲਈ ਸੂਚਨਾ ਦਾ ਅਧਿਕਾਰ (ਆਰ ਟੀ ਆਈ) ਕਾਨੂੰਨ ਦੀ ਵਰਤੋਂ ਕੀਤੀ ਜਾਂਦੀ ਹੈ,ਪਰ ਬੰਗਾਲ ਵਿੱਚ ਘੋਟਾਲਾ ਕਰਨ ਲਈ ਇਸ ਨੂੰ ਹਥਿਆਰ ਬਣਾ ਕੇ ਵਰਤਿਆ ਗਿਆ ਹੈ।

ਇਸ ਸਮੇਂ ਬੰਗਾਲ ਵਿੱਚ ਸਕੂਲ ਸਰਵਿਸਕਮਿਸ਼ਨ (ਐਸ ਏ ਸੀ) ਦੇ ਰਾਹੀਂ ਹੋਈ ਨਿਯੁਕਤੀ ਦੀ ਸੀ ਬੀ ਆਈ ਜਾਂਚ ਚੱਲ ਰਹੀ ਹੈ। ਮਮਤਾ ਬੈਨਰਜੀ ਸਰਕਾਰ ਦੇ ਦੋ ਮੰਤਰੀ ਇਸ ਵਿੱਚ ਫੱਸੇ ਹੋਏ ਹਨ ਅਤੇ ਦੋਵਾਂ ਕੋਲੋਂ ਸੀ ਬੀ ਆਈ ਪੁੱਛਗਿੱਛ ਕਰ ਰਹੀ ਹੈ। ਸਿੱਖਿਆ ਰਾਜ ਮੰਤਰੀ ਪਰੇਸ਼ ਚੰਦਰ ਅਧਿਕਾਰੀ ਅਤੇ ਉਸ ਦੀ ਧੀ ਖਿਲਾਫ ਸੀ ਬੀ ਆਈ ਨੇ ਕੇਸ ਦਰਜ ਕੀਤਾ ਹੈ।ਨੌਕਰੀ ਲੈਣ ਤੋਂ ਵਾਂਝੀ ਰਹੀ ਬਬੀਤਾ ਬਰਮਨ ਨੇ ਹਾਈ ਕੋਰਟ ਵਿੱਚ ਅਰਜ਼ੀ ਪੇਸ਼ ਕੀਤੀ ਸੀ। ਉਸ ਨੇ ਕਿਹਾ ਸੀ ਕਿ ਸਿੱਖਿਆ ਰਾਜ ਮੰਤਰੀ ਦੀ ਧੀ ਦਾ ਮੈਰਿਟ ਲਿਸਟ ਵਿੱਚ ਨਾਂਅ ਨਹੀਂ ਸੀ, ਪਰ ਉਸ ਦੀ ਨਿਯੁਕਤੀ ਕੀਤੀ ਗਈ ਹੈ। ਇਸ ਮਾਮਲੇ ਵਿੱਚ ਉਦਯੋਗ ਤੇ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਅਤੇ ਸਾਬਕਾ ਸਿੱਖਿਆ ਮੰਤਰੀ ਪਾਰਥ ਚੈਟਰਜੀ ਫਸ ਗਏ ਹਨ। ਜਾਂਚ ਵਿੱਚ ਪਤਾ ਲੱਗਾ ਕਿ ਐਸ ਐਸ ਸੀ ਦੇ ਅਧਿਕਾਰੀਆਂ ਨੇ ਚੋਣਵੇਂ ਉਮੀਦਵਾਰਾਂ ਨੂੰ ਆਪਣੀ ਓ ਐਮ ਆਰ (ਆਪਟੀਕਲ ਮਾਰਕ ਰੈਕੇਗਨਿਸ਼ਨ) ਸ਼ੀਟ ਲਈ ਆਰ ਟੀ ਆਈ ਦਾਖਲ ਕਰਨ ਅਤੇ ਦੁਬਾਰਾ ਮੁੱਲਾਂਕਣ ਦੇ ਲਈ ਅਰਜ਼ੀ ਦੇਣ ਲਈ ਕਿਹਾ। ਉਨ੍ਹਾਂ ਅਰਜ਼ੀਆਂ ਉੱਤੇ ਅਧਿਕਾਰੀਆਂ ਨੇ ਕੁਝ ਉਮੀਦਵਾਰਾਂ ਦੇ ਨੰਬਰ ਵਧਾ ਕੇ ਉਨ੍ਹਾਂ ਨੂੰ ਉਚਾ ਰੈਂਕ ਦੇਣ ਲਈ ਓ ਐਮ ਆਰ ਸ਼ੀਟ ਵਿੱਚ ਹੇਰਾਫੇਰੀ ਕੀਤੀ। ਉਨ੍ਹਾਂ ਨੇ ਅਸਫਲ ਉਮੀਦਵਾਰਾਂ ਨੂੰ ਨਿਯੁਕਤੀ ਸੂਚੀ ਵਿੱਚ ਲਿਆਉਣ ਲਈ ਉਨ੍ਹਾਂ ਦੇ ਨੰਬਰ ਬਦਲੇ ਅਤੇ ਓ ਐਮ ਆਰ ਸ਼ੀਟ ਨੂੰ ਨਸ਼ਟ ਕਰ ਦਿੱਤਾ।

ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਕੁਝ ਉਮੀਦਵਾਰਾਂ ਦੇ ਨੰਬਰ ਵਧਾਉਣ ਲਈ ਆਰ ਟੀ ਆਈ ਨੂੰ ਹਥਿਆਰ ਦੇ ਰੂਪ ਵਿੱਚ ਵਰਤਿਆ ਹੈ। ਸੀ ਬੀ ਆਈ ਨੇ ਪੱਛਮੀ ਬੰਗਾਲ ਸਕੂਲ ਸੇਵਾ ਕਮਿਸ਼ਨ ਦੇ ਪੰਜ ਸਾਬਕਾ ਸੀਨੀਅਰ ਅਫਸਰਾਂ ਖਿਲਾਫ ਨਵੇਂ ਸਿਰੇ ਤੋਂ ਕੇਸ ਦਰਜ ਕੀਤਾ ਹੈ। ਇਹ ਸਾਰੇ ਸਕਰੀਨਿੰਗ ਕਮੇਟੀ ਦੇ ਮੈਂਬਰ ਸਨ ਅਤੇ ਸੀ ਬੀ ਆਈ ਪਾਰਥ ਚੈਟਰਜੀ ਅਤੇ ਅਧਿਕਾਰੀਆਂ ਨੂੰ ਆਹਮੋ-ਸਾਹਮਣੇ ਬਿਠਾ ਕੇ ਪੁੱਛਗਿੱਛ ਕਰਨ ਦੀ ਤਿਆਰੀ ਕਰ ਰਹੀ ਹੈ।

## ਹਨੀ ਟਰੈਪ ਵਿੱਚ ਫਸਿਆ ਜਵਾਨ ਖੁਫੀਆ ਸੂਚਨਾਵਾਂ ਪਾਕਿਸਤਾਨ ਵੱਲ ਭੇਜਦਾ ਰਿਹਾ




ਜੋਧਪੁਰ, 22 ਮਈ (ਪੋਸਟ ਬਿਊਰੋ)- ਪਾਕਿਸਤਾਨੀ ਫੌਜ ਦੀਆਂ ਖੁਫੀਆ ਏਜੰਸੀ ਦੇ ਹਨੀ ਟਰੈਪ ਵਿੱਚ ਫਸੇ ਜੋਧਪੁਰ ਮਿਲਟਰੀ ਖੇਤਰ ਦੇ ਇੱਕ ਜਵਾਨ ਨੇ ਅਹਿਮ ਫੌਜੀ ਸੂਚਨਾਵਾਂ ਲੀਕ ਕਰ ਦਿੱਤੀਆਂ। ਉਸ ਨੇ ਪਾਕਿਸਤਾਨੀ ਔਰਤ ਏਜੰਟ ਨੂੰ ਲੋਕਲ ਮੋਬਾਈਲ ਸਿਮ ਲੈ ਕੇ ਉਸ ਦੇ ਨੰਬਰ ਸ਼ੇਅਰ ਕਰ ਦਿੱਤੇ। ਇਨ੍ਹਾਂ ਨੰਬਰਾਂ ਤੇ ਸੋਸ਼ਲ ਮੀਡੀਆ ਰਾਹੀਂ ਕੁਝ ਹੋਰ ਜਵਾਨਾਂ ਦੇ ਵੀ ਫਸਣ ਦਾ ਸ਼ੱਕ ਹੈ। ਇਸ ਜਵਾਨ ਨੂੰ ਰਾਜਸਥਾਨ ਪੁਲਸ ਦੀ ਸੀ ਆਈ ਡੀ (ਇੰਟੈਲੀਜੈਂਸ) ਯੂਨਿਟ ਨੇ 18 ਮਈ ਨੂੰ ਜੋਧਪੁਰ ਰੇਲਵੇ ਸਟੇਸ਼ਨ ਦੇ ਬਾਹਰੋਂ ਫੜਿਆ ਹੈ।

ਦੋਸ਼ੀ ਜਵਾਨ ਨੇ ਪੁੱਛਗਿੱਛ ਵਿੱਚ ਦੱਸਿਆ ਕਿ ਪਾਕਿਸਤਾਨੀ ਔਰਤ ਏਜੰਟ ਨੇ ਮੱਧ ਪ੍ਰਦੇਸ਼ ਦੀ ਵਾਸੀ ਤੇ ਮਿਲਟਰੀ ਨਰਸਿੰਗ ਸਰਵਿਸ (ਐਮ ਐਨ ਐਸ) ਦੀ ਨਰਸ ਬਣ ਕੇ ਉਸ ਨੂੰ ਦੋਸਤੀ ਵਿੱਚ ਫਸਾਇਆ। ਹਨੀ ਟਰੈਪ ਵਿੱਚ ਫਸਿਆ ਰੁੜਕੀ (ਉਤਰਾਖੰਡ) ਦਾ 24 ਸਾਲਾ ਪ੍ਰਦੀਪ ਕੁਮਾਰ ਤਿੰਨ ਸਾਲ ਪਹਿਲਾਂ ਫੌਜੀ ਭਰਤੀ ਹੋਇਆ ਸੀ। ਉਸ ਦੀ ਪੋਸਟਿੰਗ ਜੋਧਪੁਰ ਵਿੱਚ ਫੌਜ ਦੀ ਸੰਵੇਦਨਸ਼ੀਲ ਰੈਜ਼ੀਮੈਂਟ ਵਿੱਚ ਹੋਈ। ਸੱਤ ਮਹੀਨੇ ਪਹਿਲਾਂ ਅਣਜਾਣ ਔਰਤ ਦਾ ਫੋਨ ਆਇਆ। ਉਸ ਦੇ ਬਾਅਦ ਦੋਸਤੀ ਹੋਈ। ਔਰਤ ਨੇ ਪ੍ਰਦੀਪ ਨੂੰ ਵਿਆਹ ਦਾ ਝਾਂਸਾ ਦੇ ਕੇ ਭਾਰਤੀ ਫੌਜ ਦੇ ਗੁਪਤ ਦਸਤਾਵੇਜ਼ਾਂ ਦੀਆਂ ਤਸਵੀਰਾਂ ਮੰਗੀਆਂ। ਇਸ ਉੱਤੇ ਪ੍ਰਦੀਪ ਨੇ ਕਈ ਵਾਰ ਯੂਨਿਟ ਦੀਆਂ ਅਹਿਮ ਸੂਚਨਾਵਾਂ ਸ਼ੇਅਰ ਕਰ ਦਿੱਤੀਆਂ।

# ਕੌਮਾਂਤਰੀ ਫਿਲਮ ਸਮਾਰੋਹ ਵਿੱਚ ਯੂਕਰੇਨ ਉੱਤੇ ਰੂਸੀ ਹਮਲੇ ਵਿਰੁੱਧ ਆਵਾਜ਼ ਉੱਠੀ



ਕਾਂਸ, 22 ਮਈ (ਪੋਸਟ ਬਿਊਰੋ)- ਕਾਂਸ ਕੌਮਾਂਤਰੀ ਫਿਲਮ ਸਮਾਰੋਹ ਵਿੱਚ ਸ਼ੁੱਕਰਵਾਰ ਰਾਤ ਉਸ ਸਮੇਂ ਸਨਸਨੀ ਫੈਲ ਗਈ ਜਦ ਰੂਸ ਦੇ ਹਮਲੇ ਤੋਂ ਬਾਅਦ ਤੋਂ ਯੂਕਰੇਨ ਵਿੱਚ ਔਰਤਾਂ ਨਾਲ ਸੈਕਸ ਹਿੰਸਾ ਦਾ ਵਿਰੋਧ ਪ੍ਰਗਟਾਉਣ ਲਈ ਇੱਕ ਅਰਧ ਨਗਨ ਔਰਤ ਪ੍ਰਦਰਸ਼ਨਕਾਰੀ ਰੈਡ ਕਾਰਪੈਟ ਉਤੇ ਪਹੁੰਚ ਗਈ ਅਤੇ ਉਥੇ ਫੋਟੋਗਰਾਫਰਾਂ ਸਾਹਮਣੇ ਚੀਕਦੇ ਹੋਏ ਉਸ ਨੇ ਆਪਣੇ ਸਾਰੇ ਕੱਪੜੇ ਉਤਾਰ ਦਿੱਤੇ।ਔਰਤ ਨੇ ਆਪਣੇ ਸਰੀਰ ਉਤੇ ਯੂਕਰੇਨ ਦੇ ਝੰਡੇ ਵਾਲਾ ਰੰਗ ਕੀਤਾ ਹੋਇਆ ਸੀ ਅਤੇ ਆਪਣੀ ਛਾਤੀ ਤੇ ਢਿੱਡ ਉੱਤੇ ਲਿਖਿਆ ਹੋਇਆ ਸੀ, 'ਸਾਡੇ ਨਾਲ ਬਲਾਤਕਾਰ ਬੰਦ ਕਰੋ।'

ਇਸ ਔਰਤ ਨੇ ਪਿੱਠ ਦੇ ਹੇਠਲੇ ਹਿੱਸੇ ਅਤੇ ਲੱਤਾਂ ਉਤੇ ਲਾਲ ਰੰਗ ਲਗਾਇਆ ਹੋਇਆ ਸੀ ਅਤੇ ਉਸ ਦੀ ਪਿੱਠ ਉੱਤੇ 'ਐਸ ਸੀ ਯੂ ਐਮ' ਲਿਖਿਆ ਹੋਇਆ ਸੀ। ਅਰਧ ਨਗਨ ਔਰਤ ਦੇ ਇਸ ਤਰ੍ਹਾਂ ਹੈਰਾਨੀਜਨਕ ਤੌਰ ਉੱਤੇ ਰੈਡ ਕਾਰਪੈਟ ਉੱਤੇ ਆਉਣ ਨਾਲ ਸਾਰੇ ਹੈਰਾਨ ਰਹਿ ਗਏ ਅਤੇ ਸੁਰੱਖਿਆ ਗਾਰਡ ਉਸ ਵੱਲ ਦੌੜੇ ਅਤੇ ਉਸ ਨੂੰ ਕੋਟ ਨਾਲ ਢੱਕ ਕੇ ਇੱਕ ਪਾਸੇ ਲੈ ਗਏ।ਯੂਕਰੇਨ ਵਿੱਚ ਰੂਸ ਦੀ ਫੌਜੀ ਮੁਹਿੰਮ ਦੇ ਸ਼ੁਰੂ ਤੋਂ ਰੂਸੀ ਫੌਜੀਆਂ ਵੱਲੋਂ ਯੂਕਰੇਨੀ ਔਰਤਾਂ ਨਾਲ ਬਲਾਤਕਾਰ ਦੀਆਂ ਕਈ ਖਬਰਾਂ ਆ ਰਹੀਆਂ ਹਨ। ਯੂਕਰੇਨੀ ਰਾਸ਼ਟਰਪਤੀ ਵਲਾਦੀਮੀਰ ਜੇਲੇਂਸਕੀ ਨੇ ਕਾਂਸ ਫਿਲਮ ਸਮਾਰੋਹ ਵਿੱਚ ਆਪਣੇ ਲਾਈਵ ਸੰਬੋਧਨ ਵਿੱਚ ਫਿਲਮਕਾਰਾਂ ਨੂੰ ਤਾਨਾਸ਼ਾਹਾਂ ਦਾ ਸਾਹਮਣਾ ਕਰਨਾ ਦਾ ਸੱਦਾ ਦਿੱਤਾ ਸੀ।

## ਹਾਈ ਕੋਰਟ ਵੱਲੋਂ ਤਹਿਸੀਲਦਾਰ ਨੂੰ 50 ਪੌਦੇ ਲਾਉਣ ਦੀ ਸਜ਼ਾ



ਭੁਵਨੇਸ਼ਵਰ, 22 ਮਈ (ਪੋਸਟ ਬਿਊਰੋ)- ਉੜੀਸਾ ਹਾਈ ਕੋਰਟ ਨੇ ਇੱਕ ਤਹਿਸੀਲਦਾਰ ਨੂੰ ਸਜ਼ਾ ਵਜੋਂ ਪੰਜਾਹ ਪੌਦੇ ਲਾਉਣ ਦਾ ਹੁਕਮ ਦਿੱਤਾ ਹੈ। ਇਹ ਸਜ਼ਾ ਤਹਿਸੀਲਦਾਰ ਨੂੰ ਇੱਕ ਅਨਪੜ੍ਹ ਔਰਤ ਦੇ ਕੇਸ ਦੀ ਸਹੀ ਸੁਣਵਾਈ ਨਾ ਕਰਨ ਅਤੇ ਜੁਰਮਾਨਾ ਲਾਉਣ ਦੇ ਦੋਸ਼ ਵਿੱਚ ਸੁਣਾਈ ਗਈ ਹੈ।

ਜਸਟਿਸ ਵਿਸ਼ਵਨਾਥ ਰੱਥ ਨੇ ਪਿਛਲੇ ਦਿਨੀਂ ਪੁਰੀ ਜ਼ਿਲ੍ਹੇ ਦੇ ਕਾਕਤਪੁਰ ਦੇ ਤਹਿਸੀਲਦਾਰ ਬਿਰੰਚੀ ਨਾਰਾਇਣ ਬਹਿਰਾ ਨੂੰ ਕੱਟਕ ਵਿਕਾਸ ਅਥਾਰਟੀ ਖੇਤਰ ਦੇ ਕਿਸੇ ਵੀ ਸੈਕਟਰ ਵਿੱਚ ਸੜਕ ਕੰਢੇ ਰੁੱਖ ਲਾਉਣ ਦਾ ਨਿਰੇਦਸ਼ ਦਿੱਤਾ ਹੈ।ਤਹਿਸੀਲਦਾਰ ਨੇ ਪੀੜਤ ਮਹਿਲਾ ਮੀਤਾ ਦਾਸ ਵਿਰੁੱਧ ਪਿੰਡ ਬਲਾਣਾ ਦੀ 0.08 ਏਕੜ ਗੋਚਰ ਜ਼ਮੀਨ (ਚਰਾਗਾਹ) ਉਤੇ ਕਬਜ਼ਾ ਕਰਨ ਅਤੇ ਉਸ ਉੱਤੇ ਕੱਚਾ ਘਰ ਬਣਾਉਣ ਦੇ ਦੋਸ਼ ਵਿੱਚ ਖੁਦ ਕਾਰਵਾਈ ਕੀਤੀ ਸੀ। ਬਹਿਰਾ ਨੇ ਪਿਛਲੇ ਸਾਲ 15 ਸਤੰਬਰ ਨੂੰ ਔਰਤ ਨੂੰ ਉਥੋਂ ਹਟਣ ਦਾ ਹੁਕਮ ਜਾਰੀ ਕੀਤਾ ਸੀ ਅਤੇ ਨਾਲ 10000 ਰੁਪਏ ਦਾ ਜੁਰਮਾਨਾ ਵੀ ਲਗਾਇਆ ਸੀ।ਔਰਤ ਦੇ ਵਕੀਲ ਵੱਲੋਂ ਦਾਇਰ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਜਸਟਿਸ ਰੱਥ ਨੇ ਦੇਖਿਆ ਕਿ ਤਹਿਸੀਲਦਾਰ ਨੇ ਔਰਤ ਨੂੰ ਸੁਣਵਾਈ ਦਾ ਮੌਕਾ ਦਿੱਤੇ ਬਿਨਾਂ ਇਹ ਅਨੋਖਾ ਹੁਕਮ ਪਾਸ ਕੀਤਾ ਸੀ। ਅਦਾਲਤ ਨੇ ਕਿਹਾ ਕਿ ਉੜੀਸਾ ਸੂਬੇ ਵਿੱਚ ਅਜਿਹੀ ਕਿਸੇ ਵੀ ਅਥਾਰਟੀ ਵੱਲੋਂ ਇਹ ਕਾਰਵਾਈ ਦੁਹਰਾਈ ਨਹੀਂ ਜਾਣੀ ਚਾਹੀਦੀ ਅਤੇ ਇਸ ਦੇ ਲਈ ਤਹਿਸੀਲਦਾਰ ਨੂੰ ਘੱਟੋ-ਘੱਟ ਪੰਜਾਹ ਰੁੱਖ ਲਾਉਣ ਦੇ ਨਿਰਦੇਸ਼ ਦਿੱਤੇ। ਤਹਿਸੀਲਦਾਰ ਨੇ ਉਕਤ ਔਰਤ ਵਿਰੁੱਧ ਉੜੀਸਾ ਜ਼ਮੀਨੀ ਕਬਜ਼ੇ ਦਾ ਨਿਪਟਾਰਾ ਕਾਨੂੰਨ ਹੇਠ ਇਹ ਕਾਰਵਾਈ ਕੀਤੀ ਸੀ। ਔਰਤ ਦੇ ਵਕੀਲ ਨੇ ਕਿਹਾ ਕਿ ਔਰਤ ਅਨਪੜ੍ਹ ਅਤੇ ਸਬੰਧਤ ਕਾਨੂੰਨ ਤੋਂ ਜਾਣੂ ਨਹੀਂ ਸੀ। ਤਹਿਸੀਲਦਾਰ ਨੂੰ ਉਸ ਨੂੰ ਕਾਰਨ ਦੱਸੋ ਨੋਟਿਸ ਦੇਣਾ ਚਾਹੀਦਾ ਸੀ।

## ਸੱਤ ਮਹੀਨੇ ਦੀ ਗਰਭਵਤੀ ਦੇ ਢਿੱਡ ਵਿੱਚ ਗੋਲੀ ਲੱਗੀ, ਬੱਚੇ ਨੂੰ ਜਨਮ ਪਿੱਛੋਂ ਪ੍ਰਾਣ ਤਿਆਗੇ

ਬਾਲਟੀਮੋਰ, 22 ਮਈ (ਪੋਸਟ ਬਿਊਰੋ)- ਮਾਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਹਰ ਮੁਸੀਬਤ ਨਾਲ ਲੜਦੀ ਹੈ। ਇਹੀਕੁਝ ਕੀਤਾ ਅਮਰੀਕਾ ਦੇ ਬਾਲਟੀਮੋਰ ਦੀ ਸੱਤ ਮਹੀਨੇ ਦੀ ਗਰਭਵਤੀ ਔਰਤ ਨੇ, ਜੋ ਆਪਣੇ ਬੱਚੇ ਨੂੰ ਜਨਮ ਦੇਣ ਲਈ ਮੌਤ ਨਾਲ ਲੜੀ ਅਤੇ ਬੱਚੇ ਨੂੰ ਸਹੀ ਸਲਾਮਤ ਜਨਮ ਦੇਣ ਤੋਂ ਬਾਅਦ ਦਮ ਤੋੜਿਆ।

ਇਸ ਮਹਿਲਾ ਦੇ ਢਿੱਡ ਵਿੱਚ ਗੋਲੀ ਲੱਗੀ ਸੀ, ਪਰ ਉਸ ਨੇ ਆਪਣੇ ਆਖ਼ਰੀ ਸਾਹਾਂ ਤੱਕ ਬੱਚੇ ਨੂੰ ਜ਼ਿੰਦਗੀ ਦੇਣ ਦੀ ਜੰਗ ਲੜੀ। ਇਸ ਹਮਲੇ ਵਿੱਚ ਬੱਚੇ ਦੀ ਮਾਂ 38 ਸਾਲਾ ਅੰਜੇਲ ਮੋਰਗਮ ਹੀਥਰ ਤੇ ਪਿਤਾ ਯਾਮੇਲ ਮੋਂਟੇਗ ਦੋਵਾਂ ਦੀ ਮੌਤ ਹੋ ਗਈ। ਅੰਜੇਲ ਮੋਰਗਨ ਹੀਥਰ ਅਤੇ ਯਾਮੇਲ ਮੋਂਟੇਗ ਗਰਲਫ਼ਰੈਂਡ ਅਤੇ ਬੁਆਏਫ਼ਰੈਂਡ ਸਨ। ਦੋਹਾਂ ਨੂੰ ਬੇਸਬਰੀ ਨਾਲ ਆਪਣੇ ਇਸ ਆਉਣ ਵਾਲੇ ਬੱਚੇ ਦਾ ਇੰਤਜ਼ਾਰ ਸੀ।ਡੇਲੀਮੇਲ ਦੀ ਖ਼ਬਰ ਮੁਤਾਬਕਪਰਸੋਂ ਰਾਤ ਦੀ ਹਿੰਸਾ ਵਿੱਚ ਸ਼ਹਿਰ ਬਾਲਟੀਮੋਰ ਵਿੱਚ ਜਦੋਂ ਇਹ ਜੋੜਾ ਸੜਕ ਕੰਢੇ ਖੜ੍ਹਾ ਸੀ ਤਾਂ ਕਾਰ ਵਿੱਚ ਆਏ ਕੁਝ ਅਣਪਛਾਤੇ ਲੋਕਾਂ ਨੇ ਗੋਲੀਆਂ ਚਲਾ ਦਿੱਤੀਆਂ। ਦੋਹਾਂ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਯਾਮੇਲ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਅੰਜੇਲ ਨੇ ਗਰਭ ਵਿੱਚ ਪਲ ਰਹੇ ਸੱਤ ਮਹੀਨੇ ਦੇ ਬੱਚੇ ਨੂੰ ਜਨਮ ਦੇਣ ਦੇ ਬਾਅਦ ਦਮ ਤੋੜਿਆ। ਪੁਲਸ ਅਨੁਸਾਰ ਬੱਚੇ ਦੀ ਹਾਲਤ ਗੰਭੀਰ ਬਣੀ ਹੋਈ ਹੈ ਕਿਉਂਕਿ ਡਿਲੀਵਰੀ ਐਮਰਜੈਂਸੀ ਹੋਈ ਹੈ ਅਤੇ ਬੱਚਾ ਗੋਲੀ ਲੱਗਣ ਕਾਰਨ ਜ਼ਖਮੀ ਹੈ।

# ਸੀ ਬੀ ਆਈ ਵੱਲੋਂ ਆਮਰਪਾਲੀ ਵਿਰੁੱਧ 230 ਕਰੋੜ ਦੇ ਬੈਂਕ ਫਰਾਡ ਦਾ ਕੇਸ ਦਰਜ




ਨਵੀਂ ਦਿੱਲੀ, 22 ਮਈ (ਪੋਸਟ ਬਿਊਰੋ)- ਆਮਰਪਾਲੀ ਲੇਜ਼ਰ ਵੈਲੀ ਡਿਵੈਲਪਰਜ਼ ਪਫਾਈਵੇਟ ਲਿਮਟਿਡ ਅਤੇ ਇਸ ਦੇ ਡਾਇਰੈਕਟਰ ਅਨਿਲ ਸ਼ਰਮਾ ਅਤੇ ਕੁਝ ਹੋਰਾਂ ਵਿਰੁੱਧਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੇ 230 ਕਰੋੜ ਰੁਪਏ ਦੀ ਧੋਖਾਧੜੀ ਦਾ ਕੇਸ ਦਰਜ ਕੀਤਾ ਅਤੇ ਅਗਲੀ ਜਾਂਚ ਚੱਲ ਰਹੀ ਹੈ।

ਸੀ ਬੀ ਆਈ ਅਧਿਕਾਰੀਆਂ ਨੇ ਕੱਲ੍ਹ ਕਿਹਾ ਕਿ ਕੰਪਨੀ ਨੇ ਬੈਂਕ ਆਫ਼ ਮਹਾਰਾਸ਼ਟਰ ਤੇ ਆਂਧਰਾ ਬੈਂਕ ਨਾਲ 230 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਹੈ। ਸ਼ਿਕਾਇਤ ਮੁਤਾਬਕ ਇਨ੍ਹਾਂ ਬੈਂਕਾਂ ਨੇ ਉਤਰ ਪ੍ਰਦੇਸ਼ ਦੇ ਗ੍ਰੇਟਰ ਨੋਇਡਾ ਦੇ ਟੈਕ ਜ਼ੋਨ-4 ਖੇਤਰ ਵਿੱਚ 1.06 ਲੱਖ ਵਰਗ ਮੀਟਰ ਦੇ ਪਲਾਟ ਉੱਤੇ ਰਿਹਾਇਸ਼ੀ ਇਮਾਰਤ ਵਿਕਸਤ ਕਰਨ ਲਈ ਕਰਜ਼ਾ ਮਨਜ਼ੂਰ ਕੀਤਾ ਸੀ।ਕੰਪਨੀ ਕਰਜ਼ੇ ਦੀ ਅਦਾਇਗੀ ਕਰਨ ਤੋਂ ਅਸਫ਼ਲ ਰਹੀ, ਜਿਸ ਪਿੱਛੋਂ ਉਸ ਦੇ ਖਾਤੇ ਨੂੰ 31 ਮਾਰਚ, 2017 ਨੂੰ ਗ਼ੈਰ-ਕਾਰਗੁਜ਼ਾਰੀ ਐਲਾਨਿਆ ਗਿਆ। ਬੈਂਕ ਆਫ਼ ਮਹਾਰਾਸ਼ਟਰ ਨੇ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਇਸ ਨਾਲ ਬੈਂਕ ਨੂੰ 230.97 ਕਰੋੜ ਰੁਪਏ ਤੋਂ ਵੱਧ ਨੁਕਸਾਨ ਹੋਇਆ ਹੈ।ਆਮਰਪਾਲੀ ਗਰੁੱਪ ਦੇ ਫ਼ਲੈਟ ਖ਼ਰੀਦਦਾਰਾਂ ਦੇ ਇੱਕ ਗਰੁੱਪ ਨੇ ਨੋਇਡਾ ਤੇ ਗ੍ਰੇਟਰ ਨੋਇਡਾ ਖੇਤਰ ਵਿੱਚ ਵਾਅਦਾ ਕੀਤੇ ਫਲੈਟਾਂ ਦੀ ਸਮੇਂ ਸਿਰ ਡਿਲੀਵਰੀ ਨਾ ਹੋਣ ਉੱਤੇ ਸੁਪਰੀਮ ਕੋਰਟ ਨੂੰ ਸ਼ਿਕਾਇਤ ਕੀਤੀ ਸੀ। ਆਮਰਪਾਲੀ ਡਿਵੈਲਪਰਸ ਨੇ 42,000 ਫ਼ਲੈਟ ਵਿਕਸਿਤ ਕਰਨ ਅਤੇ ਵੇਚਣ ਦਾ ਵਾਅਦਾ ਕੀਤਾ ਸੀ। ਇਸ ਬਾਰੇ ਸੁਪਰੀਮ ਕੋਰਟ ਨੇ ਕੰਪਨੀ ਦੀ ਵਿੱਤੀ ਹਾਲਤ ਦੀ ਸਮੀਖਿਆ ਲਈ ਫ਼ੋਰੈਂਸਿਕ ਆਡਿਟ ਦਾ ਹੁਕਮ ਦਿੱਤਾ ਸੀ।ਸੀ ਬੀ ਆਈ ਨੇ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 120-ਬੀ (ਅਪਰਾਧਿਕ ਸਾਜ਼ਿਸ਼) ਅਤੇ 420 (ਧੋਖਾਧੜੀ) ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਧਾਰਾਵਾਂ ਹੇਠ ਕੇਸ ਦਰਜ ਕੀਤਾ ਹੈ।

## ਲਾਲੂ ਯਾਦਵ ਦੇ 17 ਟਿਕਾਣਿਆਂ ਉਤੇ ਸੀ ਬੀ ਆਈ ਦੇ ਛਾਪੇ



ਬਿਹਾਰ, 22 ਮਈ (ਪੋਸਟ ਬਿਊਰੋ)- ਸੀ ਬੀ ਆਈ ਨੇ ਕੱਲ੍ਹ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਤੇ ਉਨ੍ਹਾਂ ਦੇ ਪਰਵਾਰ ਦੇ 17 ਟਿਕਾਣਿਆਂ ਉਤੇ ਛਾਪੇਮਾਰੇ। ਇਹ ਕਾਰਵਾਈ ਰੇਲਵੇ ਭਰਤੀ ਬੋਰਡ ਵਿੱਚ ਗੜਬੜ ਦੇ ਕੇਸ ਵਿੱਚ ਕੀਤੀ ਗਈ ਹੈ। ਪਟਨਾ, ਗੋਪਾਲਗੰਜ ਅਤੇ ਦਿੱਲੀ ਵਿੱਚ ਲਾਲੂ ਯਾਦਵ, ਉਨ੍ਹਾਂ ਦੀ ਪਤਨੀ ਰਾਬੜੀ ਦੇਵੀ ਤੇ ਬੇਟੀ ਮੀਸਾ ਭਾਰਤੀ ਦੇ 10 ਟਿਕਾਣਿਆਂ ਉੱਤੇ ਛਾਪੇਮਾਰੇ ਗਏ ਅਤੇ ਸੱਤ ਥਾਵਾਂ ਦੇ ਨਾਂ ਸਾਹਮਣੇ ਨਹੀਂ ਆਏ।

ਇਸ ਦੌਰਾਨ ਰਾਬੜੀ ਦੇਵੀ ਅਤੇ ਵੱਡੇ ਬੇਟੇ ਤੇਜ ਪ੍ਰਤਾਪ ਯਾਦਵ ਤੋਂ ਪਟਨਾ ਵਿੱਚ ਵੱਖ-ਵੱਖ ਕਮਰਿਆਂ ਵਿੱਚ ਸੀ ਬੀ ਆਈ ਪੁੱਛਗਿੱਛ ਕਰਦੀ ਰਹੀ। ਇਸ ਪੁੱਛਗਿੱਛ ਲਈ 3-3 ਅਧਿਕਾਰੀਆਂ ਦੀਆਂ ਦੋ ਟੀਮਾਂ ਬਣਾਈਆਂ ਗਈਆਂ ਸਨ। ਇਸ ਦੇ ਨਾਲ ਸੀ ਬੀ ਆਈ ਦੇ ਐਸ ਪੀ ਅਤੇ ਡੀ ਐਸ ਪੀ ਪੱਧਰ ਦੇ ਅਫਸਰ ਦਿੱਲੀ ਵਿੱਚ ਮੀਸਾ ਭਾਰਤੀ ਦੇ ਘਰ ਲਾਲੂ ਯਾਦਵ ਤੋਂ ਪੁੱਛਗਿੱਛ ਕਰਨ ਲੱਗੇ ਹੋਏ ਸਨ। ਲਾਲੂ ਤੋਂ ਭਰਤੀ ਬਾਰੇ ਫਾਈਲਾਂ ਦੀ ਜਾਣਕਾਰੀ ਮੰਗੀ ਗਈ ਹੈ। ਛਾਪੇ ਵੇਲੇ ਲਾਲੂ ਪ੍ਰਸਾਦ ਯਾਦਵ ਨੇ ਸੀ ਬੀ ਆਈ ਅਧਿਕਾਰੀਆਂ ਤੋਂ ਡਾਕਟਰ ਨੂੰ ਬੁਲਾਉਣ ਦੀ ਮੰਗ ਕੀਤੀ। ਉਸ ਨੇ ਕਿਹਾ ਕਿ ਮੇਰੀ ਸਿਹਤ ਠੀਕ ਨਹੀਂ, ਤੁਸੀਂ ਪਹਿਲਾਂ ਡਾਕਟਰ ਬੁਲਾਓ। ਇਸ ਮੌਕੇ ਦੋ ਵਕੀਲਾਂ ਨੂੰ ਵੀ ਬੁਲਾਇਆ ਗਿਆ। ਰਾਬੜੀ ਦੇਵੀ ਤੋਂ ਪੁੱਛਗਿੱਛ ਲਈ ਇੱਕ ਮਹਿਲਾ ਆਈ ਪੀ ਐਸ ਅਧਿਕਾਰੀ ਵੀ ਪਟਨਾ ਪਹੁੰਚੀ ਅਤੇ ਅੱਠ ਮੈਂਬਰੀ ਟੀਮ 10 ਸਰਕੂਲਰ ਰੋਡ ਵਾਲੇ ਰਾਬੜੀ ਦੇਵੀ ਦੇ ਘਰ ਗਈ। ਇਸ ਦੌਰਾਨ ਕਿਸੇ ਨੂੰ ਘਰ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ।

# ਪੈਗਾਸਸ ਮਾਮਲੇ ਵਿਚ ਸੁਪਰੀਮ ਕੋਰਟ ਨੇ ਜਾਂਚ ਕਮੇਟੀ ਦੀ ਮਿਆਦ ਚਾਰ ਹਫ਼ਤੇ ਵਧਾਈ




ਨਵੀਂ ਦਿੱਲੀ, 22 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਪੈਗਾਸਸ ਕੇਸ ਦੀ ਜਾਂਚ ਕਰ ਰਹੀ ਜਸਟਿਸ ਰਵਿੰਦਰਨ ਕਮੇਟੀ ਦਾ ਕਾਰਜਕਾਲ ਚਾਰ ਹਫ਼ਤੇ ਵਧਾ ਦਿੱਤਾ ਹੈ। ਚੀਫ਼ ਜਸਟਿਸ ਆਫ਼ ਇੰਡੀਆ ਐਨਵੀ ਰਮਨਾ, ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਹਿਮਾ ਕੋਹਲੀ ਦੀ ਬੈਂਚ ਨੇ ਇਸ ਮਾਮਲੇ ਦੀ ਸੁਣਵਾਈ ਕੀਤੀ।

ਇਸ ਸੰਬੰਧ ਵਿੱਚ ਚੀਫ਼ ਜਸਟਿਸ ਨੇ ਕਿਹਾ ਕਿ ਤਕਨੀਕੀ ਕਮੇਟੀ ਨੇ ਅੰਤਿਮ ਰਿਪੋਰਟ ਤਿਆਰ ਕਰਨ ਲਈ ਕੁਝ ਸਮਾਂ ਮੰਗਿਆ ਸੀ। ਚੀਫ ਜਸਟਿਸ ਨੇ ਕਿਹਾ ਕਿ ਕਮੇਟੀ ਦੀ ਅੰਤਰਿਮ ਰਿਪੋਰਟ ਮਿਲ ਗਈ ਹੈ, ਜਿਸ ਵਿੱਚ ਕਮੇਟੀ ਨੇ ਦੱਸਿਆ ਹੈ ਕਿ 29 ਮੋਬਾਈਲਾਂ ਦੀ ਜਾਂਚ ਕੀਤੀ ਗਈ ਹੈ। ਪੱਤਰਕਾਰਾਂ ਤੇ ਕਾਰਕੁਨਾਂ ਨਾਲ ਵੀ ਗੱਲਬਾਤ ਕੀਤੀ ਗਈ ਹੈ। ਨਿਗਰਾਨ ਜੱਜ ਨੇ 20 ਜੂਨ 2022 ਤੱਕ ਰਿਪੋਰਟ ਨੂੰ ਅੰਤਿਮ ਰੂਪ ਦੇਣ ਲਈ ਸਮਾਂ ਮੰਗਿਆ ਹੈ। ਅਸੀਂ ਇਸ ਕੇਸ ਉੱਤੇ ਜੁਲਾਈ ਵਿੱਚ ਸੁਣਵਾਈ ਕਰਾਂਗੇ। ਸੀ ਜੇ ਆਈ ਨੇ ਕਿਹਾ ਕਿ ਕੁਝ ਏਜੰਸੀਆਂ ਦਾ ਜਵਾਬ ਆਉਣਾ ਅਜੇ ਬਾਕੀ ਹੈ। ਇਸ ਦੀ ਰਿਪੋਰਟ ਮਈ ਦੇ ਅੰਤ ਤੱਕ ਮੰਗੀ ਗਈ ਸੀ। ਲੋਕਾਂ ਨੇ ਵੱਡੀ ਗਿਣਤੀ ਵਿੱਚ ਆਪਣੀ ਰਾਇ ਭੇਜੀ ਹੈ ਪਰ ਕੁਝ ਮਾਹਿਰ ਏਜੰਸੀਆਂ ਦੀ ਰਾਇ ਦੀ ਉਡੀਕ ਹੈ। ਬੈਂਚ ਨੇ ਸੇਵਾਮੁਕਤ ਜਸਟਿਸ ਆਰਵੀ ਰਵਿੰਦਰਨ ਦੀ ਅਗਵਾਈ ਵਾਲੀ ਕਮੇਟੀ ਨੂੰ ਚਾਰ ਹਫ਼ਤੇ ਵਿੱਚ 20 ਜੂਨ ਤੱਕ ਜਸਟਿਸ ਰਵਿੰਦਰਨ ਆਪਣੀ ਅੰਤਿਮ ਰਿਪੋਰਟ ਅਦਾਲਤ ਨੂੰ ਸੌਂਪ ਦੇਣਗੇ।


ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

# ਨਹਿਰੀ ਪਾਣੀ ਚੋਰੀ ਬਾਰੇ ਸਾਬਕਾ ਮੰਤਰੀ ਜੋਸਨ ਦੇ ਭਰਾਵਾਂ ਸਣੇ 32 ਕਿਸਾਨਾਂ ਉੱਤੇ ਕੇਸ ਦਰਜ

ਜਲਾਲਾਬਾਦ, 22 ਮਈ (ਪੋਸਟ ਬਿਊਰੋ)- ਨਹਿਰੀ ਵਿਭਾਗ ਨੇ ਵਿਧਾਨ ਸਭਾ ਹਲਕੇ ਦੇ ਮਾਈਨਰਾਂ ਤੋਂ ਨਹਿਰੀ ਪਾਣੀ ਦੀ ਚੋਰੀ ਦੇ ਸਬੰਧ ਵਿੱਚ ਸਾਬਕਾ ਮੰਤਰੀ ਹੰਸ ਰਾਜ ਜੋਸਨ ਦੇ ਚਾਰ ਸਕੇ ਭਰਾਵਾਂ, ਕੁਝ ਰਿਸ਼ਤੇਦਾਰਾਂ ਤੋਂ ਇਲਾਵਾ ਮਾਰਕੀਟ ਕਮੇਟੀ ਜਲਾਲਾਬਾਦ ਦੇ ਕਾਂਗਰਸੀ ਚੇਅਰਮੈਨ ਰਾਜ ਬਖ਼ਸ਼ ਕੰਬੋਜ ਸਣੇ ਤਿੰਨ ਦਰਜਨ ਦੇ ਕਰੀਬ ਲੋਕਾਂ ਵਿਰੁੱਧ ਸਰਕਾਰੀ ਸੰਪਤੀ ਨੂੰ ਨੁਕਸਾਨ ਪੁਚਾਉਣ, ਸਿੰਜਾਈ ਅਤੇ ਸਰਕਾਰੀ ਫੰਡਾਂ ਵਿੱਚ ਵਿਘਨ ਪਾਉਣ ਬਾਰੇ ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873 ਦੀ ਧਾਰਾ 70, ਆਈ ਪੀ ਸੀ ਐਕਟ 1860 ਦੀ ਧਾਰਾ 430 ਅਤੇ ਆਈ ਪੀ ਸੀ ਐਕਟ 1860 ਦੀ ਧਾਰਾ 379 ਹੇਠ ਥਾਣਾ ਵੈਰੋਕਾ ਵਿੱਚ ਕੇਸ ਦਰਜ ਕੀਤਾ ਹੈ।



ਇਸ ਸੰਬੰਧ ਵਿੱਚ ਨਹਿਰੀ ਵਿਭਾਗ ਨੇ ਐਸ ਐਸ ਪੀ ਫ਼ਾਜ਼ਿਲਕਾ ਨੂੰ ਲਿਖੇ ਪੱਤਰ ਵਿੱਚ ਦੱਸਿਆ ਹੈ ਕਿ ਸਿੰਜਾਈ ਮੰਤਰੀ ਪੰਜਾਬ ਤੇ ਪ੍ਰਿੰਸੀਪਲਸੈਕਟਰੀ ਸਿੰਜਾਈ ਦੇ ਨਿਰਦੇਸ਼ਾਂ ਹੇਠ ਜਦੋਂ ਜਲਾਲਾਬਾਦ ਸਬ ਡਵੀਜ਼ਨ ਦੀਆਂ ਨਹਿਰਾਂ ਦੀ ਚੈਕਿੰਗ ਕੀਤੀ ਗਈ ਤਾਂ ਤਿੰਨ ਦਰਜਨ ਦੇ ਕਰੀਬ ਨਾਂਅ ਨਹਿਰੀ ਪਾਣੀ ਚੋਰੀ ਕਰਨ ਦੇ ਸਬੰਧ ਵਿੱਚ ਪਤਾ ਲੱਗੇ, ਜਿਨ੍ਹਾਂ ਉੱਤੇ ਕੇਸ ਦਰਜ ਕੀਤਾ ਗਿਆ ਹੈ। ਦੋਸ਼ੀਆਂ ਵਿੱਚ ਮੁੱਖ ਤੌਰ ਉੱਤੇ ਸਾਬਕਾ ਮੰਤਰੀ ਹੰਸ ਰਾਜ ਜੋਸਨ ਦੇ ਚਾਰ ਸਕੇ ਭਰਾ ਸ਼ੇਰ ਚੰਦ ਜੋਸਨ, ਹਰਿ ਕ੍ਰਿਸ਼ਨ ਜੋਸਨ, ਜੰਗੀਰ ਚੰਦ ਜੋਸਨ ਤੇ ਸਰਵਣ ਚੰਦ ਜੋਸਨ ਤੋਂ ਇਲਾਵਾ ਮਾਰਕੀਟ ਕਮੇਟੀ ਦੇ ਮੌਜੂਦਾ ਚੇਅਰਮੈਨ ਰਾਜ ਬਖ਼ਸ਼ ਕੰਬੋਜ ਅਤੇ ਉਸ ਦਾ ਭਰਾ ਅਮੀਰ ਚੰਦ ਸ਼ਾਮਲ ਹਨ। ਇਸ ਤੋਂ ਇਲਾਵਾ ਦੋ ਦਰਜਨ ਦੇ ਕਰੀਬ ਹੋਰ ਲੋਕ ਪਾਣੀ ਚੋਰੀ ਸਬੰਧੀ ਨਾਮਜ਼ਦ ਕੀਤੇ ਗਏ ਹਨ। ਇਸ ਬਾਰੇ ਥਾਣਾ ਵੈਰੋਕਾ ਦੇ ਜਾਂਚ ਅਧਿਕਾਰੀ ਏ ਐਸ ਆਈ ਗੁਰਨਾਮ ਸਿੰਘ ਨੇ ਦੱਸਿਆ ਕਿ ਕੇਸ ਦਰਜ ਕਰਨ ਮਗਰੋਂ ਜਾਂਚ ਜਾਰੀ ਹੈ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਮਾਲ, ਮੁੜ ਵਸੇਬਾ, ਆਫ਼ਤ ਪ੍ਰਬੰਧ, ਜਲ ਸਰੋਤ, ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਜ਼ਿਲ੍ਹਾ ਫ਼ਾਜ਼ਿਲਕਾ ਦੌਰੇ ਉੱਤੇਆਏ ਤਾਂ ਉਨ੍ਹਾਂ ਨੇ ਜਲਾਲਾਬਾਦ ਮਾਰਕੀਟ ਕਮੇਟੀ ਦਫ਼ਤਰ ਵਿੱਚ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ ਸਨ। ਟੇਲਾਂ ਉੱਤੇ ਪਾਣੀ ਨਾ ਪੁੱਜਣ ਬਾਰੇ ਕਿਸਾਨਾਂ ਨੇ ਮੰਤਰੀ ਨੂੰ ਨਹਿਰਾਂ ਉੱਤੇ ਪਾਣੀ ਪੁੱਜਦਾ ਕਰਨ ਤੇ ਨਹਿਰੀ ਪਾਣੀ ਨੂੰ ਚੋਰੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਸੀ।

# ਬੰਦੀ ਸਿੱਖਾਂ ਬਾਰੇ ਬਣਾਈ ਕਮੇਟੀ ਤੋਂ ਪੰਥ ਨੂੰ ਵੱਧ ਆਸ ਨਹੀਂ ਰੱਖਣੀ ਚਾਹੀਦੀ: ਗੁਰਦੀਪ ਸਿੰਘ ਬਠਿੰਡਾ

ਅੰਮ੍ਰਿਤਸਰ, 22 ਮਈ (ਪੋਸਟ ਬਿਊਰੋ)- ਅਕਾਲੀ ਦਲ ਯੂਨਾਈਟਿਡ ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਹੈ ਕਿ ਬੰਦੀ ਸਿੱਖਾਂ ਬਾਰੇ ਬਣਾਈ ਕਮੇਟੀ ਤੋਂ ਪੰਥ ਨੂੰ ਜ਼ਿਆਦਾ ਆਸ ਨਹੀਂ ਰੱਖਣੀ ਚਾਹੀਦੀ, ਕਿਉਂਕਿ ਇਸ ਵਿੱਚ ਸੁਖਬੀਰ ਸਿੰਘ ਬਾਦਲ ਵੀ ਹੈ, ਜਿਸ ਨੇ ਆਪਣੀ ਸਰਕਾਰ ਦੇ ਦੌਰਾਨ ਬੰਦੀ ਸਿੱਖਾਂ ਦੀ ਰਿਹਾਈ ਲਈ ਕੁਝ ਨਹੀਂ ਕੀਤਾ, ਇਸ ਲਈ ਸਾਡੀ ਪਾਰਟੀ ਬੰਦੀ ਸਿੱਖਾਂ ਦੀ ਰਿਹਾਈ ਲਈ ਬਣਾਈ ਇਸ ਕਮੇਟੀ ਨਾਲ ਸਹਿਮਤ ਨਹੀਂ।

ਕੱਲ੍ਹ ਇੱਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਇਸ ਕਮੇਟੀ ਵਿੱਚ ਉਹ ਵੀ ਲੋਕ ਹਨ, ਜਿਨ੍ਹਾਂ ਨੇ ਆਪਣੇ ਰਾਜ ਦੌਰਾਨ ਬੰਦੀ ਸਿੱਖ ਰਿਹਾਅ ਨਹੀਂ ਕੀਤੇ ਅਤੇਉਨ੍ਹਾਂ ਦੀ ਰਿਹਾਈ ਲਈ ਭੁੱਖ ਹੜਤਾਲ ਉੱਤੇ ਬੈਠੇ ਭਾਈ ਗੁਰਬਖਸ਼ ਸਿੰਘ ਕੋਲ ਆਪਣਾ ਜਥੇਦਾਰ ਭੇਜ ਕੇ ਉਸਦੀ ਭੁੱਖ ਹੜਤਾਲ ਤੁੜਵਾਈ ਸੀ। ਓਦੋਂ ਇਨ੍ਹਾਂ ਦੀ ਸਰਕਾਰ ਸੀ। ਫਿਰ ਭਾਈ ਗੁਰਬਖਸ਼ ਸਿੰਘ ਨੂੰ ਆਪਣੀ ਜਾਨ ਦੇਣੀ ਪਈ। ਇਹ ਲੋਕ ਜਦੋਂ ਆਪਣੀ ਕਲਮ ਨਾਲ ਜਦ ਸਭ ਕੁਝ ਕਰ ਸਕਦੇ ਸਨ, ਉਦੋਂ ਕਿਉਂ ਨਹੀਂ ਕੀਤਾ? ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਮੋਰਚਾ ਤਿੰਨ ਮੰਗਾਂ ਦਾ ਸੀ, ਜਿਸ ਵਿੱਚ ਬੇਅਦਬੀ, ਬੇਅਦਬੀ ਦਾ ਜ਼ਿੰਮੇਵਾਰ ਕੌਣ ਅਤੇ ਡੇਰੇ ਵਾਲੇ ਨੂੰ ਕਿਸ ਨੇ ਚੁੱਕਿਆ ਤੇ ਹਥਿਆਰ ਕਿਸ ਨੇ ਦਿੱਤਾ ਸੀ। ਅਸੀਂ ਡੇਰੇ ਵਿਰੁੱਧ ਸੰਘਰਸ਼ ਕੀਤਾ,



ਸਾਨੂੰ ਇਨ੍ਹਾਂ ਨੇ ਚੁੱਕ ਕੇ ਅੰਦਰ ਸੁੱਟ ਦਿੱਤਾ। ਸ਼ਾਂਤਮਈ ਧਰਨੇ ਅਤੇ ਗੋਲੀਆਂ ਚਲਾਈਆਂ, ਇਸ ਲਈ ਓਦੋਂ ਦਾ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਜ਼ਿੰਮੇਵਾਰ ਹਨ। ਇਹ ਲੋਕ ਕਾਤਲਾਂ ਦੀ ਲਾਈਨ ਵਿੱਚ ਹਨ, ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਅੱਜ ਉਹੀ ਕਾਤਲ ਇਨਸਾਫ਼ ਮੰਗ ਰਹੇ ਹਨ। ਇਸ ਕਰਕੇ ਇਸ ਕਮੇਟੀ ਨਾਲ ਕੁਝ ਨਹੀਂ ਹੋਣਾ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਡੀਆਂ ਸਤਿਕਾਰਤ ਸੰਸਥਾਵਾਂ ਹਨ, ਅਸੀਂ ਇਨ੍ਹਾਂ ਦਾ ਸਨਮਾਨ ਉਚਾ ਚੁੱਕਣਾ ਚਾਹੁੰਦੇ ਹਾਂ, ਪਰ ਜਿੰਦਾਂ ਸਤਿਕਾਰ ਘਟਾਉਣ ਵਾਲੇ ਯਤਨ ਕਰ ਰਹੇ ਹਨ, ਉਹ ਦੇਖ ਕੇ ਦੁੱਖ ਹੁੰਦਾ ਹੈ। ਇਨ੍ਹਾਂ ਦੇ ਜਥੇਦਾਰ ਨੇ ਬਿਨਾਂ ਕਿਸੇ ਸੱਦੇ ਤੋਂ ਡੇਰਾ ਸਿਰਸਾ ਦੇ ਮੁੱਖੀ ਨੂੰ ਮਾਫ਼ ਕੀਤਾ, ਉਸ ਪਿੱਛੇ ਜ਼ਿੰਮੇਵਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਹਨ, ਅੱਜ ਇਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਪ੍ਰੋਜੈਕਟ ਕਰਨ ਦਾ ਨਵਾਂ ਢੰਗ ਲੱਭ ਲਿਆ ਹੈ, ਉਸ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਾਹੀਂ ਅਕਾਲੀ ਦਲ ਦੇ ਪ੍ਰਧਾਨ ਨੂੰ ਮੁੜ ਸਥਾਪਿਤ ਕਰਨ ਦੇ ਯਤਨ ਕਰਨ ਰੁੱਝੇ ਹੋਏ ਹਨ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769








ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ




## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049


## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



For more info Call 905-793-2202 or e-mail ads@punjabipost.ca


## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜ਼ਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ
Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ




647-998-7500 ਬਲਵਿੰਦਰ




# ਬੁੜੈਲ ਜੇਲ੍ਹ ਨੇੜੇ ਮਿਲੇ ਟਿਫ਼ਨ ਬੰਬ ਕੇਸ ਦੇ ਤਾਰ ਜਰਮਨੀ ਵਿੱਚ ਬੈਠੇ ਮੁਲਤਾਨੀ ਨਾਲ ਜੁੜੇ

ਚੰਡੀਗੜ੍ਹ, 22 ਮਈ (ਪੋਸਟ ਬਿਊਰੋ)- ਚੰਡੀਗੜ੍ਹ ਦੀ ਬੁੜੈਲ ਜੇਲ੍ਹ ਦੀ ਕੰਧ ਨੇੜੇ ਵਿਸਫੋਟਕ ਪਦਾਰਥ ਮਿਲਣ ਦੀ ਜਾਂਚ ਕਰ ਰਹੀ ਚੰਡੀਗੜ੍ਹ ਪੁਲਸ ਨੇ ਦਾਅਵਾ ਕੀਤਾ ਹੈ ਕਿ ਇਸ ਕੇਸ ਦੇ ਤਾਰ ਜੇ ਐਸ ਮੁਲਤਾਨੀ ਨਾਲ ਜੁੜੇ ਹੋਏ ਹਨ ਅਤੇ ਜੇ ਐਸ ਮੁਲਤਾਨੀ ਸਿਖਸ ਫਾਰ ਜਸਟਿਸ (ਐਸ ਐਫ਼ ਜੇ) ਗਰੁੱਪ ਮੈਂਬਰ ਦੱਸਿਆ ਜਾਂਦਾ ਹੈ।

ਇਸ ਤੋਂ ਪਹਿਲਾਂ ਲੁਧਿਆਣਾ ਬੰਬ ਧਮਾਕੇ ਵਿੱਚ ਉਸਦਾ ਨਾਂਅ ਆਇਆ ਸੀ, ਜਿਸ ਦੇ ਬਾਅਦ ਜਰਮਨੀ ਪੁਲਸ ਨੇ ਉਸ ਕੋਲੋਂ ਇਸ ਬਾਰੇ ਪੁੱਛਗਿੱਛ ਕੀਤੀ ਸੀ। ਚੰਡੀਗੜ੍ਹ ਪੁਲਸ ਵੱਲੋਂ ਕੀਤੀ ਤਕਨੀਕੀ ਜਾਂਚ ਵਿੱਚ ਪਾਇਆ ਗਿਆ ਕਿ 23 ਅਪ੍ਰੈਲ ਨੂੰ 2022 ਨੂੰ ਬੁੜੈਲ ਜੇਲ੍ਹ ਦੀ ਪਿਛਲੀ ਕੰਧ ਨੇੜੇ ਮਿਲੇ ਵਿਸਫੋਟਕ ਪਦਾਰਥ ਦਾ ਸੰਬੰਧ ਮੁਲਤਾਨੀ ਨਾਲ ਹੈ। ਮਿਲੀ ਜਾਣਕਾਰੀ ਅਨੁਸਾਰ ਖੁਫੀਆ ਏਜੰਸੀਆਂ ਵੱਲੋਂ ਚੰਡੀਗੜ੍ਹ ਪੁਲਸ ਨੂੰ ਮਿਲ ਰਹੀਆਂ ਸੂਚਨਾਵਾਂ ਹੇਠ ਪੁਲਸ ਅਲਰਟ ਉੱਤੇ ਸੀ ਤੇ 23 ਅਪਰੈਲ ਨੂੰ ਚੰਡੀਗੜ੍ਹ ਪੁਲਸ ਦੇ ਆਪ੍ਰੇਸ਼ਨ ਸੈਲ ਦੀਆਂ ਟੀਮਾਂ ਵੱਲੋਂ ਇੰਸਪੈਕਟਰ ਅਮਨਜੋਤ ਸਿੰਘ ਦੀ ਅਗਵਾਈ ਵਿੱਚ ਜਾਂਚ ਮੁਹਿੰਮ ਚਲਾਈ ਜਾ ਰਹੀ ਸੀ। ਜਾਂਚ ਦੌਰਾਨ ਪੁਲਸ ਨੇ ਇਲਾਕੇ ਦੇ ਮੋਬਾਈਲ ਫ਼ੋਨ ਦੇ ਡੰਪ ਡਾਟਾ ਦੀ ਜਾਂਚ ਸ਼ੁਰੂ ਕੀਤੀ ਤਾਂ ਇੱਕ ਸ਼ੱਕੀ ਨੰਬਰ ਮਿਲਿਆ ਜੋ ਬੰਦ ਆ ਰਿਹਾ ਸੀ। ਜਾਂਚ ਵਿੱਚ ਪਤਾ ਲੱਗਾ ਕਿ ਉਸ ਨੰਬਰ ਤੋਂ ਜਰਮਨੀ ਵਿੱਚ ਜੇ ਐਸ ਮੁਲਤਾਨੀ ਦੇ ਫ਼ੋਨ ਨੰਬਰ ਉੱਤੇ ਗੱਲ ਕੀਤੀ ਗਈ ਸੀ। 28 ਅਪ੍ਰੈਲ 2022 ਨੂੰ ਬੀ ਡੀ ਐਸ ਦੀ ਟੀਮ ਨੂੰ ਜਾਂਚ ਦੌਰਾਨ ਰੈਡਮੀ ਕੰਪਨੀ ਦਾ ਕਾਲੇ ਰੰਗ ਦਾ ਮੋਬਾਈਲ ਫ਼ੋਨ ਅਤੇ ਇੱਕ ਹੋਰ ਡੈਟੋਨੇਟਰ ਮਿਲਿਆ। ਪੁਲਸ ਦੇ ਮੁਤਾਬਕ ਮੋਬਾਈਲ ਫ਼ੋਨ ਮਿਲਣ ਉੱਤੇ ਜੇ ਐਸ ਮੁਲਤਾਨੀ ਦਾ ਇਸ ਨਾਲ ਸਬੰਧ ਪੱਕਾ ਹੋ ਗਿਆ।

